**SEPTEMBER 1975.** **50c**

ਸੰਪਾਦਕ: ਸੁਰਿੰਦਰ ਧੰਜਲ



ਰੂਪਕਾਰ: ਚੰਦਰ (ਆਗਰਾ)

# We at MONARCH LIFE feel that the words SECURITY and LOVE go hand in hand



T. RAJ KAPAHI C.L.U.
*Unit Supervisor*
Res.: 433-3441

Why? Because, when a man worries about his family's financial future, in essense, their security, that is an expression of his love. However, we know that "financial planning" seems like a very complex term. So, we developed an analyser, which turns the words "financial planning" into a clear concise objective, or what you and your family want! . . . It's called Monogram. Are you worried about your financial security? Maybe Monogram and I can help?



RAVI MATHUR
*Representative*
Res.: 438-2307

*The* **Monarch Life**
**ASSURANCE COMPANY**

**1520 - 777 HORNBY STREET, VANCOUVER 1, B.C. BUS. 684-5322**

QUASAR T.V.'s
TOSHIBA T.V.'s
SONY T.V.'s
Color T.V.'s
Color T.V.'s
STEREO'S
RADIO'S
CASSETTE RECORDERS
CASSETTE/RADIO
SONY
HINDI RECORDS
TOSHIBA
CASSETTE TAPES
8 TRACK TAPES
BLACK and WHITE T.V.'s
HEADPHONES
SHARP T.V.'s
HITACHI T.V.'s
NEEDLES
all at

# UNION ELECTRONICS (1974) LTD.

**6169 FRASER STREET, VANCOUVER B.C.**

PHONE 321-0314

THE GOVERNMENT OF THE PROVINCE OF BRITISH COLUMBIA

**GOVERNMENT OF BRITISH COLUMBIA DEPARTMENT OF LABOUR**

Hon. W.S. King, Minister
James G. Matkin, Deputy Minister

# ਜੇਕਰ ਤੁਸੀਂ ਬ੍ਰਿਟਿਸ਼ ਕੋਲੰਬੀਆ ਵਿੱਚ ਕੰਮ ਕਰਦੇ ਹੋ

ਤਾਂ ਕਾਨੂੰਨ ਰਾਹੀਂ ਤੁਹਾਡੀ ਤਨਖ਼ਾਹ ਅਤੇ ਕੰਮ ਕਰਨ ਦੇ ਹਾਲਾਤਾਂ ਦੀ ਰੱਖਿਆ ਕੀਤੀ ਜਾਂਦੀ ਹੈ।
ਉਦਾਹਰਣ ਦੇ ਤੌਰ ਤੇ ਕੀ ਤੁਸੀਂ ਜਾਣਦੇ ਹੋ ਕਿ

1: ਤੁਹਾਨੂੰ ਇਹ ਘੱਟੋ ਘੱਟ ਤਨਖ਼ਾਹ ਜ਼ਰੂਰ ਦਿਤੀ ਜਾਣੀ ਚਾਹੀਦੀ ਹੈ: $ 2.50 ਪ੍ਰਤੀ ਘੰਟਾ ਜਾਂ $ 2.10 ਪ੍ਰਤੀ ਘੰਟਾ ਜੇ ਤੁਸੀਂ 18 ਸਾਲ ਦੀ ਉਮਰ ਤੋਂ ਘੱਟ ਹੋ — ਭਾਵੇਂ ਤੁਹਾਡਾ ਕੰਮ ਪੀਸ ਵਰਕ (ਠੇਕੇ ਦਾ) ਹੈ ਜਾਂ ਤੁਸੀਂ ਸਿਖਲਾਈ ਲੈਂਦੇ ਹੋ ਜਾਂ ਤੁਸੀਂ ਪਰਖ ਵਾਸਤੇ ਕੰਮ ਕਰਦੇ ਹੋ।

2: ਤੁਹਾਨੂੰ ਸਾਲ ਵਿੱਚ ਦੋ ਹਫ਼ਤੇ ਦੀ ਛੁਟੀ ਜ਼ਰੂਰ ਮਿਲਣੀ ਚਾਹੀਦੀ ਹੈ।

3: ਜਿਹੜੇ ਕਾਰਖ਼ਾਨੇ ਵਿੱਚ ਕੰਮ ਕਰਦੇ ਹਨ, ਉਥੋਂ ਦਾ ਗੁਸਲਖਾਨਾ ਅਤੇ ਖਾਣ ਖਾਣ ਵਾਲਾ ਕਮਰਾ ਸਾਫ਼ ਹੋਣਾ ਚਾਹੀਦਾ ਹੈ ਅਤੇ ਪੀਣ ਵਾਲਾ ਪਾਣੀ ਪੀਣ ਯੋਗ ਹੋਣਾ ਚਾਹੀਦਾ ਹੈ।

4: ਆਮ ਨੌਕਰੀਆਂ ਤੇ ਜੇਕਰ ਤੁਸੀਂ ਦਿਹਾੜੀ ਵਿੱਚ 8 ਘੰਟੇ ਤੋਂ ਵੱਧ ਕੰਮ ਕਰਦੇ ਹੋ ਜਾਂ ਹਫ਼ਤੇ ਵਿੱਚ 40 ਘੰਟਿਆਂ ਤੋਂ ਵੱਧ ਕੰਮ ਕਰਦੇ ਹੋ ਤਾਂ ਤੁਹਾਨੂੰ ਜ਼ਰੂਰ ਹਰ ਵਾਧੂ ਘੰਟੇ ਦੇ ਡਿਉਢੇ ਦੇ ਹਿਸਾਬ ਨਾਲ ਪੈਸੇ ਮਿਲਣੇ ਚਾਹੀਦੇ ਹਨ।

5: ਜੇਕਰ ਤੁਸੀਂ ਗਰਭਵਤੀ ਹੋ ਤਾਂ ਤੁਹਾਨੂੰ ਜ਼ਰੂਰ 6 ਹਫ਼ਤੇ ਬੱਚੇ ਦੇ ਜਨਮ ਤੋਂ ਪਹਿਲਾਂ ਬਿਨਾਂ ਤਨਖ਼ਾਹ ਛੁੱਟੀ ਮਿਲਣੀ ਚਾਹੀਦੀ ਹੈ ਅਤੇ ਘੱਟੋ ਘੱਟ 6 ਹਫ਼ਤੇ ਦੀ ਛੁੱਟੀ ਬੱਚੇ ਦੇ ਜਨਮ ਤੋਂ ਬਾਦ ਮਿਲਣੀ ਚਾਹੀਦੀ ਹੈ ਅਤੇ ਜਦੋਂ ਤੁਸੀਂ ਆਪਣੀ ਨੌਕਰੀ ਤੇ ਵਾਪਸ ਜਾਣ ਦੇ ਕਾਬਲ ਹੋ ਜਾਵੋ ਆਪਣੀ ਨੌਕਰੀ ਵਾਪਸ ਲੈ ਲਵੋ।

ਇਹ ਹਨ ਬ੍ਰਿਟਿਸ਼ ਕੋਲੰਬੀਆ ਵਿੱਚ ਲਾਗੂ ਹੋਣ ਵਾਲੇ ਥੋੜੇ ਜਿਹੇ ਕਾਨੂੰਨ। ਮਜ਼ਦੂਰ-ਵਿਭਾਗ ਵੱਲੋਂ ਇਹ ਦੋ ਕਾਪੀਆਂ ਪੰਜਾਬੀ ਵਿੱਚ ਛਪਵਾਈਆਂ ਗਈਆਂ ਹਨ: ਇੱਕ ਤੁਹਾਡੀ ਤਨਖ਼ਾਹ, ਛੁੱਟੀਆਂ ਤੇ ਕੰਮ ਦੇ ਘੰਟਿਆਂ ਬਾਰੇ ਦੱਸੇਗੀ ਅਤੇ ਦੂਸਰੀ ਤੁਹਾਡੇ ਕੰਮ ਕਰਨ ਦੇ ਹਾਲਾਤਾਂ ਬਾਰੇ ਦੱਸੇਗੀ।

ਇਹ ਤੁਹਾਨੂੰ ਹੇਠ ਲਿਖੇ ਪਤਿਆਂ ਤੇ ਮੁਫ਼ਤ ਮਿਲ ਸਕਦੀਆਂ ਹਨ:

ਤਨਖ਼ਾਹ ਦੀ ਜਾਣਕਾਰੀ ਦੀ ਕਾਪੀ:

Labour Standards Branch,
Department of Labour,
4211 Kingsway,
Burnaby, B.C.

ਕੰਮ ਕਰਨ ਦੇ ਹਾਲਾਤਾਂ ਦੀ ਕਾਪੀ:

Occupational Environment Branch,
Department of Labour,
4240 Manor Street,
Burnaby, B.C.

ਦੋਵੇਂ ਕਾਪੀਆਂ ਇਥੋਂ ਵੀ ਮਿਲ ਸਕਦੀਆਂ ਹਨ:

Language Aid,
371 East Hastings Street,
Vancouver, B.C.

Multilingual Social Service,
1135 Commercial Drive,
Vancouver, B.C.

ਗੱਲ ਬਾਤ ਸਮਝਾਉਣ ਲਈ ਦੋਭਾਸ਼ੀਏ ਇਨ੍ਹਾਂ ਦੋਨ੍ਹਾਂ ਉਪਰੋਕਤ ਥਾਵਾਂ ਉੱਤੇ ਅਤੇ ਵੈਨਕੂਵਰ ਦੇ ਸਾਰੇ ਮੈਨ-ਪਾਵਰ ਕੇਂਦਰਾਂ ਵਿੱਚ ਵੀ ਮੌਜੂਦ ਹਨ।

## Buying, selling, or trading

* Homes new or old
* Commercial properties or sites
* Apartment blocks
* Farms, land, home, acreage or any other real estate need.

**For free consultation and professional real estate service.**

**Please contact without any obligation.**



ਅਜਾਇਬ ਜੰਡਾ

## AJAIB S. JANDA

**SERVING YOU SINCE 1971**

**Top salesman in Cambie office and member of the Diamond Club.**

**of**

**BB BLOCK BROS. REALTY LTD.**

**OFF. 321-6881**
**RES. 434-4660**
**434-2393**



## BAINS INTERNATIONAL TRAVEL SERVICE LTD.

(MEMBER IATA)

6364 FRASER STREET
VANCOUVER 15, B.C.
TEL: 324-2277

GROUP DEPARTURE TO INDIA EVERY SATURDAY

1710 DOUGLAS STREET
VICTORIA, B.C.
TEL: 386-6363

ENQUIRE FOR OTHER SPECIAL FARES: AFFINITY GROUP, EXCURSIONS, CHARTERS
LONDON, HONG KONG, SINGAPORE, FIJI OR ANY OTHER PART OF THE WORLD.

We are appointed Agents for all major Airlines, such as — BOAC, AIR INDIA, AIR CANADA, AIR FRANCE, SWISSAIR, ALITALIA, PAN AMERICAN, TWA, JAPAN AIRLINES, CP AIR, NORTHWEST ORIENT, KLM LUFTHANSA, QANTAS, SAS — List is Endless!

Being IATA member we can issue your ticket while you wait on any air line.

***Remember . . . One call does it all ! ! !***

ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ ਮਿੱਤਰਾਂ ਦੇ ਮੰਗਵਾਉਣ ਲਈ ਸਾਨੂੰ ਦਰਸ਼ਨ ਦਿਉ। ਪਾਸਪੋਰਟ ਤੇ ਵੀਜ਼ਾ ਲੈਣ ਵਿੱਚ ਪੂਰੀ ਮੱਦਦ ਕੀਤੀ ਜਾਵੇਗੀ। 'IATA ਦੇ ਮੈਂਬਰ ਹੋਣ ਕਰਕੇ ਅਸੀਂ ਤੁਹਾਨੂੰ ਉਸੇ ਸਮੇਂ ਹੀ ਟਿਕਟਾਂ ਦੇ ਸਕਦੇ ਹਾਂ, ਜਦ ਤੁਸੀਂ ਬੁਕਿੰਗ ਕਰਾਓ। ਸਾਡੇ ਤੀਜੇ ਨਵੇਂ ਦਫ਼ਤਰ ਦਾ ਪਤਾ ਹੈ:-

**North Vancouver**
935 Marine Drive
(Capilano Mall)
Tel: 980-0351

**BLOCK BB BROS.**

**BLOCK BROS. REALTY LTD.**
A DIVISION OF BLOCK BROS. INDUSTRIES LTD.
9360 - 120 Street, Surrey, B.C.
581-4601



**Darshan Uppal**
Res.: 594-8758

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਤੁਹਾਡੇ ਨਵੇਂ ਸਹਾਇਕ

**ਦਰਸ਼ਨ ਉੱਪਲ**

581-4601 594-8758

# HIMALAYA RESTAURANT

**2313 MAIN STREET**
**VANCOUVER, B.C.**

**LICENSED PREMISES**
**PHONE: 876-2911**

**ਹਿਮਾਲੀਆ ਰੈਸਟੋਰੈਂਟ**

ਜਿਥੇ

ਹਰ ਕਿਸਮ ਦੀਆਂ ਤਾਜ਼ੀਆਂ ਸੁਆਦੀ ਪੰਜਾਬੀ ਮਠਿਆਈਆਂ ਹਰ ਵਕਤ ਤਿਆਰ ਮਿਲਦੀਆਂ ਹਨ।
ਹਰ ਕਿਸਮ ਦੀ ਬੀਅਰ ਅਤੇ ਵਾਈਨ ਵੀ ਮਿਲਦੀ ਹੈ!!

ਵਿਆਹ ਸ਼ਾਦੀਆਂ ਲਈ INDOOR ਤੇ OUTDOOR ORDERS ਉਤੇ ਵੱਡੇ ਪੈਮਾਨੇ ਤੇ ਮਠਿਆਈ ਦੀ ਤਿਆਰ ਕੀਤੀ ਜਾਂਦੀ ਹੈ!!!

# GILL INSURANCE SERVICES CO. LTD.

**B—3905 Knight Street**
**at Kingsway)**
**Vancouver, B.C.**

**AUTO - FIRE - LIFE**

**OFF.: 879-5522 RES.: 434-7757**

**ਗਿੱਲ ਇਨਸ਼ੋਅਰੈਂਸ ਸਰਵਿਸਜ਼ ਕੰਪਨੀ ਲਿਮਿਟਡ**
(ਸੁਰਜੀਤ ਗਿੱਲ)

**FOR ANY KIND OF**

**Photography**

**REMEMBER !!**

# SANDEEP STUDIO

**8157 MAIN STREET**
**— at —**
**MARINE DRIVE**

**TELEPHONE: 324-4727 325-9255**

# KINGSGATE BODY SHOP

## ALL UNDER ONE MANAGEMENT

- KINGSGATE BODY SHOP
  6856 Palm Ave., BBY. B.C.
  Expert Body Collision Repairs
  Quality Paint
  Courtesy Cars Available
  Call Amir Dhanani — 434-6608

- SUPERB AUTO REPAIRS LIMITED
  5340 Imperial, BBY. B.C.
  USED & NEW AUTO PARTS
  Call Allibhai 438-6239
- ECTA AUTO REPAIRS LIMITED
  (Now under our management)
  5587 Imperial, BBY. B.C.
  *Complete Automotive Mechanical Repairs*
  Rebuilt Engine & Transmission — Exchange & Installed
  Quality Used Cars (Under Guarantee)

**Call Amir Dhanji - 434-4110**

English, Hindustani & Gujrati languages spoken at each shop.

# MALKIAT SINGH ATHWAL



SPECIALIZING IN LOW-COST TERM INSURANCE FOR MORTGAGES & LIFE INSURANCE. ALSO RETIREMENT SAVINGS PLANS WITH HIGH RATE OF RETURN. CHECK OUR RATES BEFORE OBLIGATING YOURSELF — FINANCIAL PLANNING FOR FUTURE — AND INCOME TAX INFORMATION.

**OFFICE: 521-3778 RES·: 980-9630**

ਆਪਣੀ ਬਹੁਮੁਲੀ ਕਮਾਈ ਦੀ ਜੀਵਨ-ਬੀਮੇ ਰਾਹੀਂ ਵੱਧ ਤੋ ਵੱਧ ਪ੍ਰੋਟੈਕਸ਼ਨ ਲੈਣ ਲਈ, ਪੈਸੇ
ਦੀ ਠੀਕ ਪਲੈਨਿੰਗ ਲਈ, ਟੈਕਸ-ਬੱਚਤ ਲਈ ਅਤੇ ਭਵਿੱਖ ਦੀ ਆਮਦਨ ਲਈ
ਮਲਕੀਤ ਸਿੰਘ ਅਠਵਾਲ
ਨੂੰ ਸੇਵਾ ਦਾ ਮੌਕਾ ਦਿਓ।

LITERARY & CULTURAL
MONTHLY OF PANJABI

# THE WATNO DŪR

POST BOX No. 1041
COQUITLAM, B.C., CANADA
V3J 6Z4

SECOND CLASS MAIL REGD. NO. 3233

FOUNDER:
TARA SIGH HAYER

ADVISOR:
AJMER SINGH RODEY

PUBLISHER:
CHARANJEET SIDHOO

EDITOR:
SURINDER DHANJAL

ASSTT. EDITOR:
BHUPINDER DHALIWAL

ADVERTISING EDITOR:
DALJIT TOOR

ART EDITOR:
NIRMAL DHALIWAL

CIRCULATION EDITOR:
KARAMJIT GHUMAN

SUBSCRIPTION:
ANNUAL: $5.00

HALF YEAR: $3.00

ONE COPY: 50 c

SPECIAL REPRESENTATIVES:

Manitoba:
Ramesh Saffri (Winnipeg)

B.C.:
Sukhpal Tallewalla (Burnaby)
Balbir Dhaliwal (Burnaby)
Gurcharan Tallewalia (N.W.M.)
Latt Bhinder (Kamloops)
Harnek Mann (Prince George)
Joginder Aulakh (Prince George)
Surdev Jatana (Prince Rupert)

Quebec:
Rupinder Singh (Montreal)

## ਐਡੀਟੋਰੀਅਲ

ਵਤਨੋਂ ਦੂਰ ਦਾ ਨਵਾਂ ਦਫ਼ਤਰ 1956-W. BROADWAY, ਵੈਨਕੂਵਰ ਵਿਖੇ ਹੋਵੇਗਾ। ਅਗਲੇ ਅੰਕ ਵਿੱਚ ਅਸੀਂ ਆਪਣੇ ਪਾਠਕਾਂ ਨੂੰ ਨਵਾਂ ਟੈਲੀਫੋਨ ਨੰਬਰ ਤੇ ਦਫ਼ਤਰ ਖੁੱਲਣ ਦੇ ਵਕਤ ਦੀ ਸੂਚਨਾ ਦੇਣ ਦੇ ਜੋਗ ਹੋ ਜਾਵਾਂਗੇ।

(ਸੰਪਾਦਕ)

## ਇਸ ਅੰਕ ਵਿੱਚ

ਕਹਾਣੀਆਂ:- ਪ੍ਰੇਮ ਗੋਰਖੀ, ਜਰਨੈਲ ਪੁਰੀ, ਸੁਰਿੰਦਰ ਕੌਰ ਗਿੱਲ

ਵੀਅਤਨਾਮ ਸਪਲੀਮੈਂਟ:-
ਕਲਾ ਤੇ ਸੱਭਿਆਚਾਰ ਬਾਰੇ - ਹੋ-ਚੀ-ਮਿਨ੍ਹ
ਕਵਿਤਾਵਾਂ: ਖਾਲਖਾ ਖਾਇਤਲਰ, ਸੂਨ ਡਿਆਓ ਮੋਹਨਜੀਤ, ਤੋ ਹੂ, ਤਾਰਿਕ ਜਾਲੰਧਰੀ, 'ਸੂਫ਼ੀ' ਅਮਰਜੀਤ ਤੇ ਹੋ-ਚੀ-ਮਿਨ੍ਹ

ਕੈਨੇਡਾ ਦੇ ਲੇਖਕ:-
ਕਹਾਣੀ - ਤਾਰਾ ਸਿੰਘ ਹੇਅਰ
ਕਵਿਤਾਵਾਂ - ਸਾਧੂ, ਬਹਾਦੁਰ ਸਿਹੋਤਾ, ਰਵਿੰਦਰ ਰਵੀ, ਗੁਰੂਮੇਲ, ਲਾਟ ਭਿੰਡਰ, ਰਾਮ ਸਿੰਘ, ਗੁਰਮੀਤ ਢੀਲੋਂ, ਦਰਸ਼ਨ ਗਿੱਲ, ਅਮਰੀਕ ਪਲਾਹੀ
ਲੇਖ - ਸੁਰਜੀਤ ਕਲਸੀ

# ਕੱਚੇ ਘਰਾਂ ਦਾ ਜੀਣਾ

ਪ੍ਰੇਮ ਗੋਰਖੀ

ਚਾਨਣ ਮੂੰਹੇਂ ਨੇੜੇ ਚੋਂ ਆਈ 'ਵਾਜ਼ ਸੁਣ ਕੇ ਬੀਰ ਸਿੰਹੁ ਸੁੱਤ ਅਨੀਂਦਾ ਉਠ ਕੇ ਮੰਜੇ ਤੇ ਬੈਠ ਗਿਆ। ਕੇਰਾਂ ਫਿਰ, ਵਾਜ਼ ਹੇਠੋਂ ਆਈ ਤਾਂ ਉਹਨੇ ਨਾਲ ਦੇ ਮੰਜੇ ਕੰਨੀ ਦੇਖਿਆ...ਜੈਕੁਰ ਦਾ ਮੰਜਾ ਖਾਲੀ ਸੀ। ਉਹ ਕਾਹਲੀ ਨਾਲ ਪੌੜੀ ਉਤਰ ਦਰਾਂ ਵਿਚ ਆਇਆ ਤਾਂ ਆਪਣੇ ਘਰਾਂ ਚੋਂ ਪੰਚ ਨਾਲ ਸੁੰਘੜੀ ਖੜੀ ਬੀਰੋ ਵਲ ਦੇਖ ਜੀਕਣ ਡਰ ਜਿਹਾ ਗਿਆ।

"ਸਾਂਭ ਏਸ ਫਟੈਲ ਨੂੰ...ਚੜ੍ਹੇ ਹੋਏ ਚਬੂਤਰੇ ਤੇ ਛੋਕਰੀ ਮਰਾਵੇ .."ਪੰਚ ਦੇ ਭਖਵੇਂ ਬੋਲ ਬੀਰ ਸਿੰਹੁ ਅੰਦਰ ਸੁੰਨ ਪੈਦਾ ਕਰ ਗਏ। ਉਸ ਟੁੱਟਵੀਂ ਨਜ਼ਰੇ ਅਪਣੀ ਧੀ ਵਲ ਦੇਖਿਆ ਤੇ ਉਤਲੀ ਜ਼ਬਾਨੋਂ ਛੇਤੀ ਨਾਲ ਬੋਲਿਆ "ਮਖਾਂ ਹੋਇਆ ਕੀ... ਤਾਇਆ ਮਖਾਂ... ।

"ਹੋਇਆ ਕੀ ਆ...ਮੈਥੋਂ ਪੁਛਦੈ . ਇਹਨੂੰ ਪੁਛ ਲੈ ਕੋਲ ਬਹਾ ਕੇ... ਇਹਦੀ ਸਿਰੀ ਲਾਹਦੇ ਨਾਲੋਂ...। ਪੁਛੀਂ ਤਾਂ ਸੰਧੂਆਂ ਦੇ ਮੁੰਡੇ ਨਾਲ ਕੀ ਖੇਹ ਖਾਂਦੀ ਡੀ..."ਹਫ ਹਫ ਬੋਲਦਾ ਪੰਚ ਕੁੜੀ ਵਲ ਅੱਖਾਂ ਕਢਦਾ ਬੀਰ ਸਿੰਹੁ ਨੂੰ ਜਿਵੇਂ ਖਾਣ ਨੂੰ ਆਇਆ" ।

ਬੀਰ ਸਿੰਹੁ ਥਾਏਂ ਸੁਤਿਆ ਗਿਆ। ਉਹਨੂੰ ਪਿੰਡਾ ਮਿੱਟੀ ਹੋਇਆ ਭੋਂਇ 'ਚ ਨਿਘਰ ਜਾਂਦਾ ਜਾਪਿਆ। ਉਹਦੀਆਂ ਡੌਰ ਭੌਰ ਹੋਈਆਂ ਅੱਖਾਂ ਮੁੜੇ ਜਾਂਦੇ ਪੰਚ ਦੀ ਪਿੱਠ ਘੂਰਦੀਆਂ ਰਹਿ ਗਈਆਂ। ਉਖੜ ਕੇ ਉਹਨੇ ਇਕ ਦਰ ਸਹਾਰੇ ਵਜੋਂ ਫੜ ਲਿਆ ਤੇ ਉਹਦੀ ਸੋਚ ਕਿਣਕਾ ਕਿਣਕਾ ਹੋਈ ਉਹਦੇ ਦੁਆਲੇ ਪਸਰ ਗਈ।

ਤਦੋ ਧਾਰ ਕਢਕੇ ਮੁੜਦੀ ਜੈਕੁਰ ਆ ਰਹੀ। ਦਰਾਂ ਵਿਚ ਪੌਣ ਲਮਕਾਈ ਖੜੇ ਬੀਰ ਸਿੰਹੁ ਵਲ ਦੇਖ ਕੇ ਉਹ ਮਸੋਸੀ ਜਹੀ ਗਈ, "ਮਖਾਂ ਕੀ ਹੋਇਆ...ਸਿਰ ਦੁਖਦੈ...ਬੋਲਦਾ ਨੀ। ...ਚੰਗਾ ਭਲਾ ਤਾਂ ਸੁਤੈਂ...ਹੈਂ...।" ਜੈਕੁਰ ਨੇ ਬੀਰ ਸਿੰਹੁ ਨੂੰ ਮੋਢੇ ਤੋਂ ਫੜ ਕੇ ਹਲੂਣਿਆ।

ਬੀਰ ਸਿੰਹੁ ਨੇ ਮਸੋਸੇ ਮੂੰਹੀਂ ਜੈਕੁਰ ਕੰਨੀ ਦੇਖਿਆ। ਜੈਕੁਰ ਹੈਰਾਨ ਜਹੀ ਬਾਲਟੀ ਤੇ ਲੀੜਾ ਓੜ੍ਹੀ ਅੰਦਰ ਜਾ ਰਹੀ ਤੇ ਬੀਰੋ ਨੂੰ ਕੰਧ ਨਾਲ ਖੜੀ ਦੇਖ ਹੱਕੀ ਬੱਕੀ ਜਹੀ ਹੋ ਗਈ, "ਨੀ ਕੀ ਹੋਇਆ ਨੀ...ਏਕਣ ਖੜੇ ਓਂ ਪੇ ਧੀ...ਫੁਟਦੇ ਨੀ...।" ਜੈਕੁਰ ਦੀ ਗੱਲ ਅਜੇ ਮੂੰਹ 'ਚ ਈ ਸੀ ਕੁੜੀ ਫੁਟ ਫੁਟ ਰੋਣ ਲਗ ਪਈ...। ਜੈਕੁਰ ਜਿਵੇਂ ਕੰਬ ਜਹੀ ਗਈ...ਤੇ ਉਹ ਇਕ ਟੱਕ ਦਰਾਂ 'ਚ ਖੜੇ ਬੀਰ ਸਿੰਹੁ ਵਲ ਦੇਖਦੀ ਰਹਿ ਗਈ।

ਇਕ ਪਲ ਬੀਰ ਸਿੰਹੁ ਪੈਰੋਂ ਹਿਲਿਆ। ਇਕ ਪਲ ਉਹਦੇ ਭਾਣੇ ਜੀਕਣ ਹਵਾ ਥੰਮ ਗਈ। ਇਕ ਘੜੀ ਅੰਬਰ ਸਿਰ ਤੋੜੀ ਆ ਲੱਥਾ। ਇਕ ਬਿੰਦ ਆਲਾ ਦੁਆਲਾ ਘੁੰਮਣ ਘੇਰ 'ਚ ਪਿਆ ਜਾਪਿਆ। ਉਹ ਰੋਹ 'ਚ ਅੰਦਰ ਆਇਆ ਤੇ ਆਉਂਦਾ ਈ ਬੀਰੋ ਨੂੰ ਝਮਣ ਲਗ ਪਿਆ...ਨਾ ਬੋਲੇ ਨਾ ਚਲੇ...ਪੈਰਾਂ 'ਚ ਡਿਗੀ ਕੁੜੀ ਨੂੰ ਲੱਤਾਂ ਨਾਲ, ਹੱਥਾਂ ਨਾਲ ਮਾਰੀ ਜਾਵੇ ਜੀਕਣ ਛੱਲੀਆਂ ਕੁਟਦਾ ਹੋਵੇ।... ਤੇ ਸਭੋ ਕੁਝ ਅੱਖਾਂ ਸਾਹਵੇਂ ਹੁੰਦਾ ਦੇਖ ਜੈਕੁਰ ਸਹਿਮ ਗਈ...ਉਹਦੇ ਅੰਦਰ ਲਟ ਲਟ ਬਲਦੀ ਲਾਟ ਜਿਵੇਂ ਕਿਸੇ ਰੁੱਗ ਭਰਕੇ ਫੜ ਲਈ ਹੋਵੇ, "ਹਾਏ ਵੇ ਜ਼ਾਲਮਾਂ



ਹੋਇਆ ਕੀ...ਮੂੰਹੋਂ ਵੀ ਫੁਟ...।" ਉਸ ਬੀਰ ਸਿੰਹੁ ਨੂੰ ਧੱਕਾ ਦੇ ਕੇ ਪਰ੍ਹੇ ਕੀਤਾ ਤੇ ਧੀ ਤੇ ਚੋਫਾਲ ਪੈ ਗਈ।

ਹਫਦਾ ਹੋਇਆ ਬੀਰ ਸਿੰਹੁ ਉਖੜ ਕੇ ਕੰਧ ਲਾਗ ਜਾ ਖੜਿਆ ਤੇ ਮੰਦੇ ਬੋਲੀਂ ਉਤਰ ਪਿਆ।

ਚਾਨਣ ਗੇੜੇ ਗੇੜੇ ਕੰਧੀਂ ਬਨੇਰੀਂ ਉਤਰ ਆਇਆ ਸੀ।

ਰੌਲੇ ਰੱਪੇ 'ਚ ਹੋਈ ਗੱਲ ਗੁਆਚ ਗਈ।...ਜੈਕੁਰ ਵਿਚਲੀ ਗੱਲ ਛਡ ਕੁੜੀ ਦੀ ਦੇਹ ਤੋਂ ਲੀੜੇ ਚੁਕ ਪਏ ਨੀਲ ਵੇਖਣ ਲਗ ਪਈ।...ਤੇ ਫਿਰ ਹਟਕੋਰੇ ਭਰ ਭਰ ਰੋਂਦੀ ਕੁੜੀ ਨੂੰ ਬਾਏਂ ਛਡ ਜਦੋਂ ਜੈਕੁਰ ਖੂਹੀ ਤੇ ਪਾਣੀ ਲੈਣ ਗਈ ਤਾਂ ਆਪਣੇ ਘਰਾਂ ਚੋਂ ਪੰਚ ਦੇ ਘਰੋਂ ਭਜਨ ਕੁਰ ਮੂੰਹੋਂ ਗੱਲ ਸੁਣ ਕੇ ਉਹਦੇ ਸੱਤੀਂ ਲੀੜੀਂ ਅੱਗ ਮੱਚ ਗਈ।...ਖੂਹੀ ਚੋਂ ਡੋਲ ਕਢਦਿਆਂ ਜੈਕੁਰ ਦੀਆਂ ਬਾਹਾਂ ਫੁਲ ਗਈਆਂ...ਉਹਦੇ ਪੈਰੀਂ ਕਾਂਬਾ ਉਤਰ ਆਇਆ ਤੇ ਜਦੋਂ ਉਹਨੇ ਘਰ ਆ ਕੇ ਬੀਰੋ ਨੂੰ ਗੱਲ ਪੁਛੀ ਤਾਂ ਉਹਦੀਆਂ ਨਾੜਾਂ ਫਲ ਗਈਆਂ... ਉਹਨੂੰ ਸਾਹ ਚੜ੍ਹ ਗਿਆ...ਤੇ ਗੱਲ ਮੂੰਹ ਵਿਚ ਟੁਕੀ ਗਈ...। ਤੇ ਹੁਣ ਜੈਕੁਰ ਨੇ ਜ਼ੋਰ ਨਾਲ ਦੁਹੱਥੜ ਬੀਰੋ ਦੀ ਪਿੱਠ ਵਿਚ ਮਾਰੀ ਤਾਂ ਬੀਰੋ ਲੇਰ ਮਾਰ ਕੇ ਮੂੰਹ ਭਾਰ ਭੋਂਇ ਤੇ ਡਿਗ ਪਈ।

ਤੇ ਹੁਣ ਮੱਥੇ ਸੌਂਹੇਂ ਆਏ ਸੂਰਜ ਤੀਕ ਜਦੋਂ ਬੀਰ ਸਿੰਹੁ ਘਰ ਦੀਆਂ ਬਰੂਹਾਂ 'ਚ ਆਇਆ ਤਾਂ ਫਿਕਰਾਂ ਦਾ ਪਰਛਾਵਾਂ ਇਕ ਉਹਦੇ ਅਗੇ ਸੀ ਤੇ ਇਕ ਪਿਛੇ...ਮੱਥੇ ਵਿਚਲੀ ਸੋਚ ਕੰਬ ਰਹੀ ਸੀ ਤੇ ਪੈਰਾਂ ਵਿਚ ਅਟਕੀ ਸੁਖਚੈਨ ਵਿਆਕੁਲ ਹੋਈ ਤੜਫ ਰਹੀ ਸੀ। ਘੂਆਂ ਹੋਈ ਉਹ ਵਿਹੜੇ 'ਚ ਡਿਠ ਮੰਜੇ ਤੇ ਡਿਗ ਪਿਆ। ਧਾਰ ਰਿੜਕਦੀ ਜੈਕੁਰ ਮੁੜ ਬੀਰੋ ਨੂੰ ਮੰਦਾ ਚੰਗਾ ਬੋਲਣ ਲਗ ਪਈ...ਤਦੇ ਵਡੇ ਭਾਈ ਦਾ ਮੁੰਡਾ ਅੰਦਰ ਆਇਆ ਤੇ ਬੀਰ ਸਿੰਹੁ ਦੇ ਵੱਖ ਵਿਚ ਜਾ ਬੈਠਿਆ। ਜੈਕੁਰ ਦੇ ਦੰਦ ਜੁੜ ਗਏ...। ਓਦ੍ਹੇ ਲਾਗ ਬੈਠੀ ਬੀਰੋ ਉਠ ਕੇ ਅੰਦਰ ਜਾ ਰਹੀ।

ਮੂੰਹਾਂ ਨਾਲ ਕੰਨ ਜੋੜੀ ਚਾਚਾ ਭਤੀਜਾ ਦੋ ਘੜੀਆਂ ਗੱਲੀਂ ਰੁਝੇ ਰਹੇ। ਇਕ ਪਲ ਜੈਕੁਰ ਨੂੰ ਕੋਲ ਸੱਦ ਬੀਰ ਸਿੰਹੁ ਨੇ ਗੱਲ ਦਸੀ ਤਾਂ ਸਿਰ ਹਾਂ 'ਚ ਹਿਲਾ ਉਹ ਬੀਰੋ ਨੂੰ ਗਾਲ੍ਹਾਂ ਕਢਦੀ ਚੁਲ੍ਹੇ ਲਾਗੇ ਮੁੜ ਜਾ ਬੈਠੀ ਤੇ ਮੁੰਡਾ ਪਰਤ ਗਿਆ।

ਧੀ ਦਾ ਸਾਕ ਵਡੇ ਭਾਈ ਦੇ ਮੁੰਡੇ ਹੱਥੀਂ ਕਰਾ ਬੀਰ ਸਿੰਹੁ ਨੇ ਅੱਜ ਤਾਈਂ ਸੁੱਖ ਨੂੰ ਕਿੱਲੀ ਟੰਗ ਸੋਖਾ ਸਾਹ ਲਿਆ ਸੀ। ਮੁੰਡੇ ਵਾਲਿਆਂ ਕੱਤੇ 'ਚ ਵਿਆਹ ਮੰਗਿਆ ਤਾਂ ਬੀਰ ਸਿੰਹੁ ਨੇ ਬੁਕਲ 'ਚ ਝਾਤ ਮਾਰ ਸਿਰ ਫੇਰ ਦਿਤਾ ਸੀ ਤੇ ਵੈਸਾਖ ਦਾ ਕਰਾਰ ਕਰ ਲਿਆ ਸੀ। ਵੈਸਾਖ ਦੇ ਅੱਧ ਤੀਕ ਨਾ ਬੀਰ ਸਿੰਹੁ ਨੇ ਅੱਖ ਪੁਟੀ ਨਾ ਮੁੰਡੇ ਵਾਲਿਆਂ। ਬੀਰ ਸਿੰਹੁ ਅੱਧ ਮਰੀ ਨਿਗ੍ਹਾ ਜਦ ਗਹਿਣੇ ਧਰੀ ਅੱਠੇ ਕਿੱਲੇ ਭੋਂਇ ਤੇ ਟਿਕਾਉਂਦਾ ਤਾਂ ਉਹਦੀਆਂ ਅੱਖਾਂ ਵਿਚ ਜੀਕਣ ਧੂੰਆਂ ਭਰਿਆ ਜਾਂਦਾ। ਵੱਡੀਆਂ ਦੋ ਧੀਆਂ ਦੇ ਵਿਆਹਾਂ ਨੇ ਉਹਦੀ ਪਿੱਠ ਤੇ ਥੇਹ ਢੇਰੀ ਕਰਕੇ ਰਖ ਦਿਤੀ ਸੀ...ਉਹਦੀਆਂ ਸਭ ਸੋਚਾਂ ਸਮਝਾਂ ਧੀਆਂ ਦੇ ਸਹੁਰੇ ਘਰਾਂ ਨੇ ਮਾਰ ਕੇ ਰਖ ਦਿਤੀਆਂ ਸਨ...ਤੇ ਇਕ ਜੱਗ ਦੀ ਫਿੱਟਕਾਰ ਉਹਦੀ ਧੌਣ ਵਢ ਕੇ ਰਖ ਗਈ ਸੀ।...ਤੇ ਜਿਵੇਂ ਬੀਰ ਸਿਹੁ ਦੇ ਲੇਖ ਅੱਤ ਦੇ ਮਾੜੇ ਹੋਣ...ਪਿੰਡ ਦੇ ਸਰਪੰਚ ਦੇ ਮੁੰਡੇ ਨੇ ਬੀਰ ਸਿੰਹੁ ਨੂੰ ਵਲੈਤੋਂ ਚਿੱਠੀ ਲਿਖੀ ਤਾਂ ਬੀਰ ਸਿੰਹੁ ਨੇ ਤੱਤਾ ਚੱਟ ਕੇ ਵੀ ਵੱਡਾ ਮੁੰਡਾ ਤਿਆਰ ਕਰਕੇ ਵਲੈਤ ਵਾੜ ਦਿਤਾ। ਕਲਮੂੰਹੀਂ ਮੌਤ ਜੀਕਣ ਘਰੋਂ ਤੁਰ ਕੇ ਮੁੰਡੇ ਮਗਰ ਹੀ ਜਾ ਰਹੀ ਹੋਵੇ... ਮੁੰਡੇ ਨੇ ਵਲੈਤ ਦੀ ਧਰਤੀ ਤੇ ਪੈਰ ਧਰਿਆ ਤੇ ਫੜਕ ਨਾਲ ਨਿਕਲ ਗਈ...ਦੇਖਦਿਆਂ ਦੇਖਦਿਆਂ ਮੁੰਡਾ ਤੜਫ ਕੇ ਉਹ ਗਿਆ ਹੋ ਗਿਆ। ਘਰ ਤਾਰ ਆਈ ਜੈਕੁਰ ਖੂਹੀ 'ਚ ਛਾਲ ਮਾਰਨ ਨੂੰ ਦੌੜੇ... ਬੀਰ ਸਿਹੁੰ ਪਾਗਲ ਹੁੰਦਾ ਹੁੰਦਾ ਮਸਾਂ ਬਚਿਆ . ਜਾ ਕੇ ਟਿੱਬੇ ਤੇ ਬੈਠਾ ਰੋਂਦਾ ਰਹਿੰਦਾ...ਕੂਕਦਾ ਰਹਿੰਦਾ...। ਤੇ ਅਖੀਰ ਸਿਰ ਤੇ ਕਰਜ਼ੇ ਦੀ ਪੰਡ ਭਾਰੀ ਕੀ ਹੋਈ ਬੀਰ ਸਿੰਹੁ ਦਾ ਚੇਹਰਾ ਮੋਹਰਾ ਸੂਤਿਆ ਗਿਆ।

ਤੇ ਅੱਜ ਬੀਰ ਸਿੰਹੂ ਨੇ ਆਪਣੇ ਆਸ ਪਾਸ ਦੇਖਿਆ... ਹਰ ਨੁੱਕਰ 'ਚ ਉਹਨੂੰ ਨੰਗ ਧੜੰਗੀ ਖੜੀ ਬੀਰੋ ਹੀ ਨਜ਼ਰੀਂ ਪਈ। ਸਾਰੇ ਪਿੰਡ 'ਚ ਤੋਏ ਤੋਏ ਹੋ ਗਈ ਸੀ...। ਬੀਰ ਸਿੰਹੁ ਨੇ ਮੁੰਡੇ ਨੂੰ ਆਖ ਕੇ ਤੋਰ ਦਿਤਾ ਸੀ ਕਿ 'ਪੰਦਰਾਂ ਦਿਨਾ ਦਾ ਵਿਆਹ ਲੈ ਲਓ...ਕੁੜੀ ਦਾ ਬਾਪ ਮੰਜਾ ਮੱਲੀ ਬੈਠੈ...।'

ਬੀਰ ਸਿੰਹੁ ਨੇ ਸਾਰਾ ਦਿਨ ਪੈਰ ਭੋਂਇ ਤੇ ਨਾ ਲਾਇਆ। ਪਹਿਲੇ ਪੰਚ ਨੂੰ ਪੱਕੀ ਤਾਕੀਦ ਕੀਤੀ ਕਿ ਗੱਲ ਮੂੰਹ 'ਚ ਈ ਰੱਖੇ। ਤੇ ਫਿਰ ਬੀਰ ਸਿੰਹੁ ਨੇ ਵੱਡੇ ਭਾਈ ਕੋਲੋਂ..., ਪਿੰਡ ਦੇ ਦੋਹਾਂ ਸ਼ਾਹਾਂ ਕੋਲੋਂ...ਤੇ ਫਿਰ ਪੱਕੇ ਵਾਲਿਆਂ ਮੂਹਰੇ ਜਿਹਨਾਂ ਕੋਲ ਅੱਗੇ ਈ ਜ਼ਮੀਨ ਗਹਿਣੇ ਧਰੀ ਪਈ ਉਸ ਹੱਥ ਜਾ ਟੱਡੇ...ਪਰ ਕਿਤਿਉਂ ਵੀ ਚਾਰ ਕੌਡਾਂ ਤਾਂ ਕੀ ਰਾਖ ਦੀ ਚੁਟਕੀ ਵੀ ਨਾ ਥਿਆਈ। ਆਥਣੇ ਆ ਕੇ ਬੀਰ ਸਿੰਹੁ ਨੇ ਜਦੋ ਸਿਰ ਦਰਾਂ ਵਿਚ ਮਾਰਿਆ ਤਦੋ ਵੱਡੇ ਭਾਈ ਦਾ ਮੁੰਡਾ ਆ ਰਿਹਾ। ਮਸੋਸਾ ਮੂੰਹ ਦੇਖ ਕੇ ਮੁੰਡਾ ਹੋਰ ਉਦਰ ਗਿਆ ਤੇ ਉਦਰੇ ਮੂੰਹ ਵਲ ਦੇਖ ਕੇ ਬੀਰ ਸਿੰਹੁ ਹੋਰ ਮਸੋਸਿਆ ਗਿਆ... ਮੰਜ ਤੇ ਬੈਠਾ ਮੁੰਡਾ ਮੂੰਹੋਂ ਨਾ ਫੁਟੇ। ਸੰਨ੍ਹੀ ਕਰਦੀ ਆਈ ਜੈਕੁਰ ਸਿਧੀ ਆ ਕੇ ਮੁੰਡੇ ਦੇ ਬਰੋਬਰ ਬੈਠ ਗਈ ਤੇ ਉਹਦਾ ਚੌੜਾ ਗੋਰਾ ਮੱਥਾ ਮੁੰਡੇ ਦੇ ਮੂੰਹ ਵਲ ਦੇਖ ਸੜ ਬਲ ਗਿਆ। ਤੇ ਜਦੋਂ ਮੁੰਡੇ ਨੇ ਛੋਹੀ, "ਭਾਈ ਉਹ ਤਾਂ ਕਹਿੰਦੇ ਨੇ ਸਾਨੂੰ ਸਭੋ ਖ਼ਬਰ ਹੋਗੀ ਕੁੜੀ ਜੋ ਚੰਦ ਚਾੜਦੀ ਫਿਰਦੀ ਆ..." ਤਾਂ ਬੀਰ ਸਿੰਹੁ ਤੇ ਜੈਕੁਰ ਭੋਂਇ 'ਚ ਨਿਘਰ ਗਏ। ਇਕ ਚੁਪ ਦੇਰ ਤੀਕ ਪਸਰੀ ਰਹੀ...ਤੇ ਫਿਰ ਚੁਪ ਜਿਹਾ ਮੁੰਡਾ ਉਠ ਕੇ ਆਪਣੇ ਘਰ ਨੂੰ ਵਗ ਗਿਆ। ਜੈਕੁਰ ਹਾਰਿਆਂ ਵਾਂਗ ਗੱਲ 'ਚ ਲੀੜਾ ਪਾਈ ਮੰਜੇ ਤੇ ਢੇਰੀ ਹੋ ਗਈ ਤੇ ਨਿੰਮੋਝੂਣ ਹੋਇਆ ਬੀਰ ਸਿੰਹੁ ਕੋਠੇ ਜਾ ਚੜ੍ਹਿਆ।...ਮੰਜੇ ਬੈਠਦਿਆਂ ਜੈਕੁਰ ਮਗਰੇ ਆ ਰਹੀ ਤੇ ਆ ਕੇ ਅਖਾਂ ਵਿਚ ਹੰਝੂ ਭਰੀ ਰੋਂਦੀ ਅਵਾਜ਼ 'ਚ ਜੋ ਕੁਝ ਉਹਨੇ ਬੀਰ ਸਿੰਹੁ ਦੇ ਕੰਨੀਂ ਪਾਇਆ ਸੁਣਕੇ ਬੀਰ ਸਿੰਹੁ ਦੇ ਚੇਹਰੇ ਦਾ ਰੰਗ ਬਦਲ ਗਿਆ। ਜੀਕਣ ਉਹਦੀ ਦੇਹ ਕਿਸੇ ਫੀਤਾ ਫੀਤਾ ਕਰ ਸੁਟੀ ਹੋਵੇ...ਤੇ ਉਹ ਝਟ ਬੋਲਿਆ, "ਕਿੰਨਵਾਂ...ਮਖਾਂ ਸੱਚ ਐ...।" ਉਹਦਾ ਚਿੱਤ ਕੀਤਾ ਉਹ ਜ਼ੋਰ ਨਾਲ ਕੂਕਦਾ ਜੈਕੁਰ ਨੂੰ ਨਿਗਲ ਜਾਵੇ...ਸਾਬਤ ਦੀ ਸਾਬਤ ਨੂੰ ਚਿੱਥ 'ਕੇ ਸੁਟ ਦੇਵੇ। ਜੈਕੁਰ ਫਿਰ ਰੋਣ-ਹਾਕੀ ਆਵਾਜ਼ 'ਚ ਬੋਲੀ, "ਖੌਨੀ ਤੀਜਾ ਕੇ ਚੌਥਾ ਆ...ਕੁੜੀ ਤਪਹਿਰੇ ਵਕ ਪੀ...।" ਤੇ ਸਭ ਆਲਾ ਦੁਆਲਾ ਬੀਰ ਸਿੰਹੁ ਵਾਸਤੇ ਹਨੇਰ ਨਾਲ ਭਰ ਗਿਆ। ਉਹਦੀ ਸੋਚ ਬਾਏਂ ਕੋਲ ਹੋ ਕੇ ਰਹਿ ਗਈ। ਉਹ ਰੋਹ ਵਿਚ

ਹੇਠ ਆਇਆ ਤੇ ਪੈਰੀਂ ਜੰਡਾ ਅੜਾ ਬਾਹਰ ਨੂੰ ਮੂੰਹ ਲਮਕਾਈ ਚਲਾ ਗਿਆ।

ਅੱਧੀ ਰਾਤੀਂ ਦਰ ਖੜਕੇ ਤਾਂ ਜੈਕੁਰ ਦਾ ਸਾਹ ਸੂਤਿਆ ਗਿਆ। ਇਕ ਬਿੰਦ ਉਹਦੀ ਦੇਹ ਕੰਬੀ ਤੇ ਰੰਗ ਫੱਕ ਹੋ ਗਿਆ। ਦਰ ਇਕ ਵਾਰ ਫਿਰ ਜ਼ੋਰ ਨਾਲ ਖੜਕੇ ਤੇ ਨਾਲ ਹੀ ਬੀਰ ਸਿੰਹੁ ਬੋਲਿਆ। ਛੇਤੀ ਨਾਲ ਜੈਕੁਰ ਉਠ ਕੇ ਬੈਠ ਗਈ ਤੇ ਮੂੰਹੋਂ ਵਾਖਰੂ ਜਪਦੀ ਕੁੰਡਾ ਖੋਲ੍ਹਣ ਲਗ ਪਈ। ਬੀਰ ਸਿੰਹੁ ਦੇ ਨਾਲ ਇਕ ਹੋਰ ਖੜਾ ਸੀ...ਪਿਛੇ ਘੋੜੀ ਖੜੀ ਘੂਰ ਆਸ ਪਾਸ ਝਾਕ ਰਹੀ ਸੀ। ਬਾਹਰ ਫਲਾਹੀ ਨਾਲ ਘੋੜੀ ਬੰਨ੍ਹ ਕੇ ਦੋਨੋਂ ਅੰਦਰ ਆਏ, "ਬਹਿ ਜਾ ਤਾਇਆ... ਘੁਟ ਪਾਣੀ ਧਾਣੀ ਪੀ ਲਈਏ..." ਬੀਰ ਸਿੰਹੁ ਕਹਿ ਕੇ ਜੈਕੁਰ ਦੀ ਬਾਂਹ ਫੜੀ ਅੰਦਰ ਨੂੰ ਲੈ ਗਿਆ।

"ਨਹੀਂ ਬੀਰ ਸਿਆਂ ਤੂੰ ਕੰਮ ਵਲ ਹੋ ਪਾਣੀ ਧਾਣੀ ਛਡ..." ਆਉਣ ਵਾਲਾ ਜੈਕੁਰ ਦੇ ਖਾਲੀ ਮੰਜੇ ਤੇ ਬੈਠਦਾ ਬੋਲਿਆ।

ਜੈਕੁਰ ਦੇ ਹਥਾਂ ਵਿਚ ਚੁਪ ਜਿਹੇ ਕੁਝ ਦੇਂਦਿਆਂ ਬੀਰ ਸਿੰਹੁ ਜਿਵੇਂ ਅੱਧ ਵਿਚੋਂ ਕੜੱਕ ਕਰਕੇ ਟੁਟ ਗਿਆ। ਉਹਦਾ ਸਾਹ ਬਿੰਦ ਦੀ ਬਿੰਦ ਜੀਵਣ ਰੁਕ ਕੇ ਰਹਿ ਗਿਆ। ਇਹ ਸਭੋ ਕੁਛ ਕਿਵੇਂ ਹੋਣ ਲੱਗਾ ਸੀ...ਤੇ ਕਿਵੇਂ ਉਹ ਆਪਣੀ ਧੀ ਨੂੰ ਪਰਾਈ ਆਖ ਦੂਰੋਂ ਲਗਦੇ ਆਪਣੇ ਆੜੀ ਤਾਰ ਮੂਹਰੇ ਕੌਡੀਆਂ ਦੇ ਵਟੇ ਦੇਣ ਲਗਾ ਸੀ। ਬੀਰ ਸਿੰਹੁ ਜਿਵੇਂ ਮਰ ਮੁਕ ਗਿਆ ਹੋਵੇ। ਉਹ ਕੀ ਕਰੇ...ਉਹ ਕਿਧਰ ਵਗ ਜਾਵੇ...ਇਹ ਸਭ ਕੁਛ ਕੀ ਹੁੰਦਾ ਜਾ ਰਿਹਾ ਸੀ।...ਜੈਕੁਰ ਨੇ ਹਥ ਝੰਜੋੜ ਕੇ ਬੀਰ ਸਿੰਹੁ ਦੀ ਬਿਰਤੀ ਤੋੜ ਦਿਤੀ ਤੇ ਉਹ ਤ੍ਰਬਕ ਕੇ ਬੋਲਿਆ, "ਕੁੜੀ ਕਿਥੇ ਆ...ਮਖਾਂ...ਮਖਾਂ..." ਉਹਦੇ ਬੋਲ ਕੰਬੇ ਤੇ ਜੀਵਣ ਅੰਦਰੇ ਅੰਦਰ ਗਰਕ ਹੁੰਦੇ ਚਲੇ ਗਏ।

ਅੱਖਾਂ ਟੱਡੀ ਜੈਕੁਰ ਕਦੇ ਬਾਹਰ ਨੂੰ ਝਾਕੇ ਤੇ ਕਦੇ ਮੂਹਰੇ ਖੜੇ ਬੀਰ ਸਿੰਹੁ ਦੇ ਸਾਲਮ ਵਜੂਦ ਨੂੰ।...ਤੇ ਉਹ ਬੁਝੀ ਜਹੀ ਬੀਰ ਸਿੰਹੁ ਦੇ ਮੋੜ 'ਚ ਬੋਲੀ, "ਕੋਠੇ ਤੇ ਪਈ ਆ..." ਤੇ ਫਿਰ ਉਹ ਬਾਹਰ ਨੂੰ ਆਉਂਦੀ ਮੱਥੇ ਹੱਥ ਮਾਰ ਕੇ ਜੀਕਣ ਫਿਸ ਹੀ ਪਈ..." "ਅਛਾ ਡਾਹਡਿਆ ਤੇਰੀ ਰਜ਼ਾ...ਮੇਰੀ ਧੀ ਦੇ ਲੇਖ..."

ਤੇ ਫਿਰ ਲਾਗੋ ਲਾਗ ਖੜਿਆਂ ਬੀਰ ਸਿੰਹੁ ਨੇ ਜੈਕੁਰ ਨੂੰ ਕੁੜੀ ਨੂੰ ਉਪਰੋਂ ਜਾ ਕੇ ਲੈ ਆਉਣ ਨੂੰ ਆਖਿਆ। ਜੈਕੁਰ ਦੇ ਸਿਰ ਜਾਣੋਂ ਘੜਿਆਂ ਮੂੰਹੀਂ ਪਾਣੀ ਲਧ ਦਿਤਾ ਹੋਵੇ। ਉਹਦਾ ਇਕ ਕਦਮ ਉਪਰ ਇਕ ਹੇਠ...ਉਹਦਾ ਆਪਣਾ ਆਪ ਹਾਮੀ ਨਾ ਭਰੇ...ਪਰ ਫਿਰ ਵੀ ਪਤਾ ਨਹੀਂ ਕਿਵੇਂ ਜੈਕੁਰ ਆਪਣੇ ਆਪ ਨੂੰ ਧੂ ਕੇ ਪੌੜੀ ਦੇ ਤੀਏ ਡੰਡੇ ਤੇ ਜਾ ਰਹੀ। ਸਾਹਵੀਂ ਬਨੇਰੇ ਤੋੜੀ ਜਾਂਦੀ ਪੌੜੀ ਉਹਨੂੰ ਅੱਗ ਦਾ ਨਾਲ ਜਾਪੀ ਜਿਹੜੀ ਉਹਨੂੰ ਰੋਮ ਰੋਮ ਤੋਂ ਲੂਹਦੀ ਜਾਂਦੀ ਸੀ...ਉਹਦਾ ਅੰਗ ਅੰਗ ਮਿੱਟੀ ਕਰੀ ਜਾਂਦਾ ਸੀ। ਇਕ ਘੜੀ ਉਹਨੂੰ ਜਾਪਿਆ ਜੀਕਣ ਕੋਠਾ ਭੋਂਇ 'ਚ ਲਹਿੰਦਾ ਜਾ ਰਿਹਾ ਹੋਵੇ...ਉਹਦੀ ਧੀ ਉਹਦੇ ਸਾਹਵੇਂ ਰੋੜਿਆਂ 'ਚ ਚਿਣੀ ਜਾਂਦੀ ਕਰਲਾਹ ਰਹੀ ਹੋਵੇ...ਉਹਦੀ ਧਾਹ ਜਿਵੇਂ ਉਹਨੂੰ ਦੋ ਫਾੜ ਚੀਰਦੀ ਜਾ ਰਹੀ ਹੋਵੇ।...ਤੇ ਅੱਖੀਂ ਹੰਝੂ ਲਈ ਜਦ ਜੈਕੁਰ ਕੱਠੇ ਦੜ ਕੁੜੀ ਦੇ ਮੰਜੇ ਲਾਗ ਗਈ ਤਾਂ ਉਹਦੇ ਹਵਾਸ ਉੱਡ ਗਏ.. ਕੇਰਾਂ ਉਹ ਮਿੱਟੀ ਹੋ ਗਈ...। ਉਹ ਜ਼ੋਰ ਨਾਲ ਚੀਕਣ ਤੀਕ ਗਈ... ਤੇ ਉਹਨੇ ਬਨੇਰੇ ਲਾਗ ਹੁੰਦਿਆਂ ਔਖੀ ਜਹੀ ਹੋ ਬਲਿਊਂ ਬੀਰ ਸਿੰਹੁ ਨੂੰ ਆਵਾਜ਼ ਮਾਰ ਲਈ। ..ਕਾਹਲੀ ਨਾਲ ਬੀਰ ਸਿੰਹ ਉਪਰ ਆ ਰਿਹਾ ਤੇ ਉਹ ਜੈਕੁਰ ਦੀ ਬਾਂਹ ਫੜੀ ਖੜਾ ਜੀਵਣ ਬੁਤ ਬਣਿਆ ਰਹਿ

(ਬਾਕੀ ਸਫ਼ਾ 37)


# ਭਾਰਤੀ ਆਰਟ ਜਿਊਲਰਜ਼



ORIENTAL SILVER AND GOLD JEWELRY REPAIRING

NEW STORE

9.00 A.M. TO 6.30 P.M.

## BHARTI ART JEWELLERS

*Specialist in East Indian Jewelry Craftware*

RASIK PAREKH — 865 KINGSWAY NEAR FRASER
RES: 879-5610 — VANCOUVER B.C. CANADA
STORE 874-9448 — V5V 3C2

WE ALSO TAKE ORDERS FOR
MARRIAGE PARTY PHOTOS & GROUP PHOTOS

CONTACT : RAJ

## B. R. CONTRACTORS

for

ELECTRICAL WIRING
IN

NEW HOUSES (RESIDENTIAL, COMMERCIAL & DOMESTIC)
INSTALLATION AND REPAIRS OF WASHERS, DRYERS AND STOVES

FRAMING

FOR CUSTOM HOMES (COMMERCIAL, RESIDENTIAL AND INDUSTRIAL) plus RENOVATIONS

ALL TYPES OF

BACK HOE SERVICE

DIGGING, TRENCHING, SEWERS, BACK FILLING ETC.



[illegible]—Rubber wheeled backhoe

CONTACT:
TARLOCHAN BAINS

1363—E. 12th Avenue,
Vancouver, B.C.

Business: 879-[illegible]

Mobile phone: [illegible] (via operator)

THINKING OF TRAVEL?
WE CAN SAVE TIME AND TROUBLE!

**Groups — Charter — Excursion**

PAY LATER

**Special Immigrant Fares available**

4160 FRASER STREET
VANCOUVER 10, B.C.
PHONE 872-7658

## GOYAL TRAVELS

ASSOCIATED OFFICES

NEAR COURTS, MOGA
PUNJAB, INDIA
PHONE 798

NEAR COURTS, JAGRAON
PUNJAB, INDIA
PHONE 252

# ਹੁਣ ਜੰਮਣ ਸੀ

ਜਰਨੈਲ ਪੁਰੀ

ਕੰਧ ਕੋਈ ਬਹੁਤੀ ਉੱਚੀ ਨਹੀਂ ਸੀ। ਮਸਾਂ ਪੰਜ ਕੁ ਫੁਟ ਹੋਵੇਗੀ। ਕੁਹਾੜੀ ਭਾਨੇ ਨੇ ਕੰਧ 'ਤੇ ਰੱਖੀ। ਛੜੱਪਾ ਮਾਰ ਕੇ ਕੰਧ 'ਤੇ ਚੜ੍ਹ ਗਿਆ। ਤਿੰਨ ਅੰਬ ਸਨ ਵਿਹੜੇ 'ਚ। ਵਿਚਕਾਰਲੇ ਅੰਬ ਦੀਆਂ ਟਾਹਣੀਆਂ ਕੰਧ ਉੱਤੋਂ ਦੀ ਬਾਹਰ ਵਲ ਵਧ ਗਈਆਂ ਸਨ। ਵੇਖਦਾ ਰਿਹਾ......ਕਿੱਥੋਂ ਕੱਟੇ।

ਮੂੰਜੀ ਛਟਦੀ ਕਰਤਾਰੀ ਪਤੀ ਵੱਲ ਵੇਖਦੀ ਰਹੀ। ਬੋਲਣਾ ਚਾਹੁੰਦਿਆਂ ਵੀ ਉਹ ਬੋਲੀ ਨਾ। ਪਤੀ ਦੇ ਕੁਹਾੜੇ-ਪਾਟੇ ਮੂੰਹ ਨੂੰ ਚੰਗੀ ਤਰ੍ਹਾਂ ਜਾਣਦੀ ਸੀ। ਕੰਧੋਲੀ ਕੋਲ ਮੰਜੀ 'ਤੇ ਬੈਠੀ ਨੰਜੀ, ਜਿਸ ਕਾਪੀ ਪੱਟਾਂ 'ਚ ਘੁਟ ਰੱਖੀ ਸੀ, ਪੋਲੀ-ਪੋਲੀ ਮੁੱਕੀ ਗੋਡੇ 'ਤੇ ਮਾਰਦੀ ਵਿਹੜੇ 'ਚ ਫਿਰਦੀਆਂ ਮੁਰਗੀਆਂ ਵੱਲ ਝਾਕਦੀ ਰਹੀ। ਮਿੱਠੀ-ਮਿੱਠੀ ਧੁੱਪ 'ਚ ਚਿਲਕਦੇ ਮੁਰਗੀਆਂ ਦੇ ਖੰਭ ਅੰਤਾਂ ਦੇ ਪਿਆਰੇ ਜਾਪ ਰਹੇ ਸਨ। ਇੰਝ ਤਕਦੀ ਨੇ ਇਕ ਲਬਾ ਸਾਹ ਲਿਆ। ਛਿਣ ਭਰ ਪਹਿਲਾਂ ਪਿਆਰੇ ਲੱਗੇ ਖੰਭ ਤੁੱਛ ਜਿਹੀ ਗੱਲ ਜਾਪੇ। ਮਨ 'ਚ ਆਈ — 'ਖੰਭ ਬੀ ਕਾਹਦੇ, ਉਡਾ ਕੇ ਨਾ ਜਿਹੜੇ ਲੈ ਜਾਣ ਉਹ ਨਾ ਬੀ ਕਿਸੇ ਨੂੰ ਪਿਆਰੇ ਲੱਗਣ...ਹੁੰਦੇ ਤਾਂ ਵਧੀਆ ਐ ਨਾ। ਹਾਏ...ਕਿੰਨਾ ਉੱਚਾ ਉਡਾ ਲੈ ਜਾਂਦੇ ਐ। ਕਿੰਨਾ ਉੱਪਰ। ਜਿੱਧਰ ਮਰਜ਼ੀ ਉੱਡ ਜੋ...ਜਿੰਨਾ ਮਰਜ਼ੀ ਉੱਚੇ।

ਨਰੰਜਣ ਵਿਹੜੇ 'ਚ ਆਇਆ। ਉਦਾਸ ਤੇ ਉੱਭਰਿਆ ਚਿਹਰਾ। ਟੁੱਟੇ ਮਨ ਨਾਲ ਕਹੀ ਰੱਖੀ ਤਾਂ ਮਾਂ-ਧੀ ਦੋਵੇਂ ਝਾਕੀਆਂ। ਨਰੰਜਣ ਦੇ ਕੁਝ ਵੀ ਕਹਿਣ 'ਤੋਂ ਪਹਿਲਾਂ ਮਾਂ ਨੇ ਪੁੱਛਿਆ 'ਕੀ ਗਲ ਪੁੱਤ ? ਰੋਟੀ ਤਾਂ ਆਉਂਦੇ ਸੀ ਲੈ ਕੇ। ਹਲ ਕਿਉਂ ਛੱਡ ਆਇਆ ?'

ਕੰਧ 'ਤੋਂ ਝਾਕਦੇ ਭਾਨੇ ਨੇ ਵੀ ਨਾਲ ਹੀ ਰਲਾ ਦਿੱਤੀ — 'ਕੀ ਗੱਲ ਉਏ...ਹਲ ਕਿਉਂ ਛੱਡ ਆਇਆ ?'

'ਫਾਲਾ ਲੱਗਿਆ ਬਾਪੂ'

ਬੱਲਦ ਦੇ ਨਹੀਂ...ਫਾਲਾ ਜਿਵੇਂ ਭਾਨੇ ਦੇ ਲੱਗਿਆ ਹੋਵੇ। ਛੱਜ ਮਾਂ ਦੇ ਹੱਥੋਂ ਵੀ ਹੇਠ ਜਾ ਪਿਆ ਸੀ। ਬੋਲੀ, 'ਹਾਏ ਮੈਂ ਮਰਜਾਂ...ਬੇ ਜਾਦੇ ਤਾਂ ਨੀਂ ਲੱਗਿਆ ?'

'ਐਨਾ ਕੋਈ ਜਾਦੇ ਨੀਂ ਬੇਬੇ। ਫੇਰ ਬੀ ਮਖਿਆ ਮਿੱਟੀ ਪੈ ਕੇ ਪੱਕ-ਪੁੱਕ ਨਾ ਜਵੇ ਛੱਡ ਈ ਲਿਆਇਆ।'

'ਉਏ ਲੱਗਿਆ ਕਿਮੇਂ ?' ਕੰਧ 'ਤੇ ਖੜੇ ਭਾਨੇ ਨੇ ਉੱਚੀ ਪੁੱਛਿਆ।

'ਕਿਮੇਂ ਲਗਦਾ ਹੁੰਦੈ' ਆਖ ਕੇ ਉਸ ਮਾਂ ਨੂੰ ਕਿਹਾ 'ਆਪਣੇ ਉਹ ਲਾਲ ਜੀ ਦਵਾਈ ਸੀ ਨਾ ਬੇਬੇ...ਪਤੈ ਕੁਛ ਕਿੱਥੇ ਐ ?'

'ਕੁੜੇ ਉੱਠ ਕੁੜੀ' ਮਾਂ ਬੋਲੀ 'ਉੱਠ...ਦੇਖ ਮੇਰੀ ਧੀ। ਚੰਦਰਾ ਚੇਤਾ ਈ ਨੀਂ। ਆਲੇ ਦੀ ਸ਼ੈਂਤ ਹੇਠਲੀ ਫੱਟੀ 'ਤੇ ਐ।'

ਭਾਨਾ ਫੇਰ ਕੜਕਿਆ — 'ਉਏ ਮੈਂ ਕਹਿਨਾਂ ਲੱਗਿਆ ਕਿਮੇਂ ? ਅੱਖਾਂ ਮੁੰਦੀਆਂ ਸੀ ਤੇਰੀਆਂ ?'

'ਅੱਖਾਂ ਆਲੀ ਇਹਦੇ 'ਚ ਕਿਹੜੀ ਗੱਲ ਐ ਬਾਪੂ। ਹਾਲੀ ਹਲ ਬਾਹੂ...ਤਾਂ ਫਾਲਾ ਬੀ ਲੱਗੂ। ਹੋਰ ਹੁਣ ਗਿਆਨੀ ਜੈਲ ਸਿਉਂ 'ਤੋਂ ਲੱਗਣਾ ਸੀ ਆਕੇ।'

ਸੁਣ ਕੇ ਸੜ ਗਿਆ ਭਾਨਾ। ਨੰਜੀ ਦਾ ਹਾਸਾ ਅੰਦਰੋਂ ਵੀ ਸੁਣ ਪਿਆ ਸੀ। ਮਾਂ ਬੋਲੀ 'ਚਲ ਛੱਡ ਪੁੱਤ। ਕੋਈ ਨੀਂ...ਲੱਗ ਈ ਜਾਂਦੈ। ਇਹਤੋਂ ਕਿਹੜਾ ਲੱਗਿਆ ਨੀਂ ਸੀ ਕਦੇ...'

ਨਰੰਜਣ ਦੇ ਕੰਨੀਂ ਮਾਂ ਦੇ ਨਹੀਂ, ਬਾਪੂ ਦੇ ਬੋਲ ਹੀ ਪਏ — 'ਚਬਰ-ਚਬਰ ਤਾਂ ਦੇਖ ਕਿਮੇਂ ਕਰਦੈ। ਇਕ ਤਾਂ ਬੱਲਦ ਗਾਲ'ਤਾ...ਇਕ ਸਾਲਾ ਮਰਾਸੀਆਂ ਅੰਗੂ ਗੱਲ' ਸਮਾਨੋਂ ਲਾਹੁੰਦੈ।'

'ਜਾਣ ਬੀ ਦਿਹ', ਕਰਤਾਰੀ ਖਿਝੀ, 'ਕਿਉਂ ਐਮੇਂ ਸੂਹਣ ਖੜ੍ਹੀ ਕਰ ਲੈਨੇਂ। ਸਹਿਜ ਮਤੇ ਨੀਂ ਗੱਲ ਹੁੰਦੀ ?''

ਢਿੱਲੀ ਹੋਈ ਧੋਤੀ ਕਸਦੇ ਭਾਨੇ ਨੇ ਫਿਰ ਕਿੜ-ਕਿੜ ਕੀਤੀ — 'ਇਕ ਤਾਂ ਅਹਨੇ ਮਾਰਲੇ ਬਕੀਲਣੀ ਨੇ।

ਐਡੀ ਐ ਨਾ ਖੜੋਤੀ। ਅਹੀ-ਤਹੀ ਮਰਾ ਹਟਿਆ ਬਈ ਨਾ ਪੜ੍ਹਾ। ਪੇਸ਼ ਕਿਹੜਾ ਜਾਣ ਦਿੱਤੀ ਕੱਬੀ ਰੰਨ ਨੇ। ਬਹਾ ਲਾ ਹੁਣ ਹਲ।'

'ਜਾਏ ਖਾਣੇ ਕਾਲਿਉਂ ਚਿੱਟੇ ਹੋਗੇ . ਜਬਾ ਸਿੱਧੀ ਨਾ ਹੋਈ'

'ਬਾਹ ਲੂੰ ਬਾਪੂ' ਮਰੋੜੇ ਵਜੋਂ ਨਰੰਜਣ ਨੇ ਕਿਹਾ 'ਬਤੇਰਾ ਬਾਹ ਲੂੰ। ਬਹਿ ਜਾਂਦੇ ਪੜ੍ਹ ਕੇ ਬੀ। ਸਗਾਂ ਚੰਗਾ ਬਹਿੰਦੇ'

'ਜਾਹ ਉਏ ਜਾਹ...'ਬਾਹ ਲੂੰ ਬਾਹ ਨੂੰ ਲਾਈ ਐ। ਲਾ 'ਤਾ ਰੰਗ। ਬੱਡਾ ਬਹਾਕ। ਧੋ ਲੀਂ ਹੁਣ ਸਮਾਰਕੇ' ਕਹਿਕੇ ਇੰਝ ਵੇਖਣ ਲੱਗ ਪਿਆ ਟਾਹਣੀਆਂ ਵੱਲ, ਜਿਵੇਂ ਕੁਝ ਕਿਹਾ ਹੀ ਨਾ ਹੋਵੇ। ਪੂੜੀ ਲਿਆ ਕੇ ਨੰਜੀ ਨੇ ਭਰਾ ਨੂੰ ਫੜਾਈ। ਫੜ ਕੇ ਉਹ ਬਾਹਰ ਨਿਕਲ ਗਿਆ। ਬੁੜ-ਬੁੜ ਕਰਦੀ ਕਰਤਾਰੀ ਨੇ ਛੱਜ ਚੱਕਿਆ। ਚੱਕ ਕੇ ਹਾਰੇ 'ਤੇ ਰੱਖ ਦਿੱਤਾ। ਨੰਜੀ ਫੇਰ ਮੰਜੀ 'ਤੇ ਆ ਬੈਠੀ ਸੀ। ਬੈਠੀ ਹੀ ਸੀ, ਮਾਂ ਬੋਲੀ 'ਕੱਢ ਲਾ ਪੁੱਤ ਜਿਹੜੇ ਚਾਰ ਸੁਆਲ ਕੱਢਣੇ ਐਂ। ਐਤਾਂ ਦਾ ਖੱਦਰ ਬੀ ਫੂਕਣੈਂ ਅਜੇ ਤਾਂ। ਮਕਾ ਈ ਦੇਈਏ ਅੱਜ। ਧੋ ਦੀਏ ਬਿੱਚੋਂ'

ਕੁਝ ਨਾ ਬੋਲੀ ਨੰਜੀ। ਕਾਪੀ ਚੱਕੀ। ਪੰਨੇ ਪਲਟੇ। ਕਾਪੀ ਵਿਚ ਪਈ ਸੱਤੀ ਦੀ ਤਸਵੀਰ ਵੇਖ ਕੇ ਕਾਪੀ ਉਸ ਇੰਝ ਬੰਦ ਕੀਤੀ...ਜਿਵੇਂ ਤਸਵੀਰ ਉਸ ਨਹੀਂ, ਬਾਪੂ ਨੇ ਵੇਖ ਲਈ ਹੋਵੇ। ਸਾਹ ਉਤਲਾ ਉੱਤੇ .. ਹੇਠਲਾ ਹੇਠ। ਮਾਂ ਵੱਲ ਝਾਕੀ.. ਫੇਰ ਬਾਪੂ ਵੱਲ। ਟਾਹਣੀ ਫੜੀ ਭਾਨਾ ਕੁਹਾੜੀ ਮਾਰਨ ਲਈ ਸੋਚ ਰਿਹਾ ਸੀ। ਨੰਜੀ ਦੀ ਜਾਣੋਂ ਜਾਨ ਨਿਕਲ ਗਈ। ਟਾਹਣੀ 'ਤੇ ਨਹੀਂ.. ਕੁਹਾੜੀ ਜਿਵੇਂ ਉਸ ਦੇ ਆਪਣੇ ਹੀ ਗਲ 'ਤੇ ਵੱਜਣ ਵਾਲੀ ਹੋਵੇ। ਉੱਠੇ ਬਾਪੂ ਦੇ ਹੱਥ 'ਚ ਕੁਹਾੜੀ ਹਿੱਲੀ ਤਾਂ ਬਿਨ-ਪਤੇ ਹੀ ਚੀਖ ਨਿੱਕਲ ਗਈ ਉਸ ਦੀ।

ਮਾਂ ਭੱਜ ਕੇ ਆਈ। ਚਿਹਰਾ ਇੰਝ ਉੱਤਰ ਗਿਆ ਸੀ ਨੰਜੀ ਦਾ, ਜਿਵੇਂ ਸਾਲ ਭਰ ਤੋਂ ਪੀਲੀਆ ਹੋਇਆ ਹੋਵੇ। ਬੁੱਕਲ 'ਚ ਲੈ ਕੇ ਮਾਂ ਨੇ ਪੁਛਿਆ 'ਕੀ ਗੱਲ ਪੁੱਤ ?'

ਕੰਧ 'ਤੇ ਖੜਾ ਬਿਟਰ-ਬਿਟਰ ਵੇਖਦਾ ਭਾਨਾ ਬੋਲਿਆ 'ਕੀ ਗੱਲ...ਕੀ ਹੋ ਗਿਆ ਇਹਨੂੰ ?'

ਹਿੱਕ ਨਾਲ ਲੱਗੇ ਧੀ ਦੇ ਸਿਰ ਨੂੰ ਕਰਤਾਰੀ ਚੁੱਪ-ਚਾਪ ਥਪਕਦੀ ਰਹੀ।

'ਮਖਿਆ ਮੈਂ ਕੁੱਤਾ ਈ ਭੌਂਕਦਾ। ਉੱਤਰਾਂ ਫੇਰ ਥੱਲੇ ?'

ਮਾਂ-ਧੀ ਦੋਵੇਂ ਝਾਕੀਆਂ। ਸਹਿਮੀ ਨੰਜੀ ਕੱਛ 'ਚ ਕਾਪੀ ਘੁਟਦੀ ਬੋਲੀ 'ਤੂੰ...ਤੂੰ ..ਐਂ ਲੱਗਿਆ ਸੀ ਬਾਪੂ...ਤੂੰ.. ਤੂੰ...'

'ਉਏ ਪਤਾ ਬੀ ਲੱਗੇ ਕੁਛ। ਤੂੰ-ਤੂੰ ਲਾਈ ਐ। ਹੋਇਆ ਕੀ ?'

'ਹੋਇਐ ਮੇਰਾ ਸਿਰ' ਕਰਤਾਰੀ ਖਿਝੀ 'ਸੁੱਖ ਨਾਲ ਧੀ-ਪੁੱਤ ਬਰਾਬਰ ਦੇ ਐ। ਮੈਂ ਤਾਂ ਫੂਕ ਲੀ ਸਾਰੀ ਉਮਰ। ਹੁਣ ਤਾਂ ਸੰਗ ਖਾਹ'

ਹਸਦਾ ਭਾਨਾ ਬੋਲਿਆ 'ਬੰਨ੍ਹ ਲਿਆ ਬਈ ਮਰੜ੍ਹਾ ਮਾਂ-ਧੀ ਨੇ। ਗੱਲ ਨੀਂ ਕੋਈ, ਬਾਤ ਨੀਂ। ਜੱਟੀਆ ਦੇਖ ਕਿਮੇਂ ਬੰਨ੍ਹੀਐਂ।'

'ਮੈਂ ਕਹਿਨੀ ਆਂ ਪੁੱਤ-ਪਿੱਟੀ ਦੇ ਮੇਰੇ ਈ ਲੇਖ ਫੁੱਟਗੇ ਭਾਨਿਆਂ ਬੰਦਿਆ।'

ਮੁੜ ਉਸ ਨੰਜੀ ਨੂੰ ਕਿਹਾ 'ਚਲ ਉੱਠ ਮੇਰੀ ਧੀ। ਪੜ੍ਹਨ ਦੇਣੈਂ ਤੈਨੂੰ ਇਹਨੇਂ ?

ਉੱਠ . ਜਾਹ ਅੰਦਰ ਜਾਕੇ ਪੜ੍ਹ ਲਾ।'

ਮੁੜ ਕਿੜ-ਕਿੜ ਕਰਦੀ ਭਾਨੇ ਨੂੰ ਕਹਿਣ ਲੱਗੀ 'ਜਾਏ ਖਾਣਾ ਪਲ ਨਾ ਕਦੇ ਕਲੇਸ ਬਿਨਾਂ ਨੰਘਿਆ, ਏਸ ਘਰ 'ਚ। ਖੜ੍ਹਾ ਕਿਮੇਂ ਐ ਕੁਹਾੜੀ ਚੱਕੀ। ਨਾ ਅੱਜ ਅੰਬਾਂ ਉਦਾਲੇ ਕਾਹਤੋਂ ਹੋਇਐਂ ?'

''ਹਾਂ.. ਹੋਰ ਕੀ ਕਰਾਂ ? ਵਾਹ ਉਏ ਸਿਆਣਿਆ ਟੱਬਰਾ। ਪਾਲਾਂ ਮੈਂ...ਚੂਪੇ ਕੋਈ ਹੋਰ ?'

ਅੱਖਾਂ ਝੁਕ ਗਈਆਂ ਨੰਜੀ ਦੀਆਂ। ਅੰਦਰੇ ਅੰਦਰ ਉਹ ਲਾਜਵੰਤੀ ਵਾਂਗ ਸੁੰਗੜ ਗਈ। ਪਰ ਕਰਤਾਰੀ ਬਲੀ 'ਉਏ ਕਿਹੜੇ ਤੇਰੇ ਚੂਪ ਲੇ ਕਿਸੇ ਨੇ ਦਸੇਰੀ। ਗਿੱਠ ਟਾਹਣੀ ਨੀਂ ਗਈ ਬਾਹਰ...ਅੰਬ, ਅੰਬ ਲਾਈਐ। ਕਿਮੇਂ ਚੱਕੀ ਐ ਕੁਹਾੜੀ।'

'ਨਾਂ ਬਧੇ ਫੇਰ ਬਾਹਰ ਨੂੰ।'

ਨਰੰਜਣ ਆਇਆ। ਪੂੜੀ ਮਾਂ ਨੂੰ ਫੜਾਉਂਦੇ ਨੇ ਕਿਹਾ 'ਪਾ ਬੇਬੇ ਰੋਟੀ...ਜਾਮਾਂ ਖਾਕੇ। ਬਾਰੀ ਐ ਸਵੇਰੇ... ਖਾਲ ਘੜ ਆਮਾਂ।'

ਮੁੜ ਪੀਹੜੀ 'ਤੇ ਬੈਠਦੇ ਨੇ ਮਾਂ ਨੂੰ ਪੁੱਛਿਆ 'ਕੀ ਨਾ ਬੇਬੇ ਬਧੇ ਬਾਹਰ ਨੂੰ ?'

'ਬੇ ਕਾਹਦੇ ਪੁੱਤ' ਪੂੜੀ ਟਾਂਡ 'ਤੇ ਰਖਦੀ ਮਾਂ ਬੋਲੀ 'ਔਹ ਟਾਹਣੀ ਉਦਾਲੇ ਹੋਇਐ ਸਵੇਰ ਦਾ। ਬਾਹਰ ਨੂੰ ਕਿਉਂ ਬਧਗੀ ਅਖੇ।'

'ਚਲ ਛੱਡ ਬੇਬੇ। ਚੰਗੀ ਭਲੀ ਜਾਣਦੀ ਐਂ ਨਾਲੇ। ਬਢਦੈ...ਬੱਢ ਦੇਣ ਦੇ। ਕਾਹਨੂੰ ਰੋਕਦੀ ਐਂ।'

'ਬੇ ਕਾਹਨੂੰ ਰੋਕਦੀ ਆਂ' ਛਾਬੇ 'ਚੋਂ ਰੋਟੀ ਚਕਦੀ ਮਾਂ ਨੇ ਕਿਹਾ 'ਚੰਗਾ ਭਲਾ ਬਢਦਾ ਸੀ . ਔਹ ਚੀਕ ਪੀ ਬਿੱਚ।'

ਮੂੰਹ ਹੀ ਮੂੰਹ 'ਚ ਨਰੰਜਣ ਨੇ ਦੁਹਰਾਇਆ 'ਨੰਜੀ ਚੀਕ ਪੀ ਸੀ।'

ਅੱਤ ਮੋਹ ਨਾਲ ਨੰਜੀ ਵੱਲ ਝਾਕਿਆ। ਵੇਖਦਿਆਂ ਹੀ ਭੈਣ ਦਾ ਉਹ ਚਿਹਰਾ ਯਾਦ ਆ ਗਿਆ, ਇਕ ਸ਼ਾਮ ਉਸ ਸਾਹਮਣੇ ਜੋ ਫਰਿਆਦੀ ਬਣਿਆ ਸੀ। ਭਾਵੇਂ ਆਪ ਦਸ ਹੀ ਜਮਾਤਾਂ ਪੜ੍ਹਿਆ ਸੀ, ਪੰਜ ਜਮਾਤਾਂ ਭੈਣ 'ਤੋਂ ਭਾਵੇਂ ਪਿਛੇ ਹੀ ਸੀ, ਪਰ ਆਪਣੀ ਅੰਦਰਲੀ ਸੂਝ ਤੇ ਕਾਮਰੇਡ ਤਾਏ 'ਤੋਂ ਲੈ, ਲੈ ਪੜ੍ਹੀਆ ਕਿਤਾਬਾਂ ਸਦਕੇ ' ਸਮਝਦਾ ਸੀ ਕਿ ਅੱਜ ਅਜੇ ਇੰਨੀ ਪੜ੍ਹੀ ਲਿਖੀ ਕੁੜੀ ਵੀ ਆਪਣੇ ਭਵਿੱਖ ਪ੍ਰਤੀ ਨਿਰਨਾ ਕਰਨ ਬਾਰੇ ਭੋਰਾ

'ਬੱਸ ਵੀਰ, ... ਮੈਂ ਨੀ ਹੋਰ ਪੜ੍ਹਨਾ। ਪੜ੍ਹੀ ਨਾਲੋਂ ਅਨ-ਪੜ੍ਹ ਈ ਚੰਗੀ। ਪੜ੍ਹੀ ਨਾਲੋਂ ਅਨ-ਪੜ੍ਹ ਈ ਚੰਗੀ। ਕੀ ਫਾਇਦਾ ਪੜ੍ਹਕੇ ... ਪੜ੍ਹੇ ਨੂੰ ਜੇ ਪੜ੍ਹਿਆ ਡੰਗਰ ਈ ਬਣਾਇਆ ਜਾਣੈਂ। ਪੜ੍ਹੂੰਗੀ ਤਾਂ ਖ਼ੁਸ਼ੀਆਂ ਦੀ ਸਮਝ ਪਊਗੀ। ਸਮਝੀਆਂ ਖ਼ੁਸ਼ੀਆਂ ਦਾ ਕਤਲ ਅਸਮਝ ਖ਼ੁਸ਼ੀਆਂ ਦੇ ਕਤਲ ਨਾਲੋਂ ਅਸਹਿ ਹੁੰਦੈ। ਡੰਗਰ ਈ ਚੰਗੀ ਆਂ ਵੀਰੇ ... ... ... ... ...'

ਭਰ ਚਾਨਣ ਨਹੀਂ ਰਖਦੀ।

ਮਾਂ ਰੋਟੀਆਂ ਫੜਾ ਗਈ ਸੀ। ਉੱਠ ਕੇ ਉਹ ਨੰਜੀ ਦੇ ਨਾਲ ਹੀ ਜਾ ਬੈਠਾ। ਮਨ ਖਟਕਿਆ। ਚੀਸ ਤੇ ਵੱਢ-ਟੁੱਕ 'ਚ ਖੋਈ ਉਸ ਦੀ ਚੇਤਨਾ ਨੇ ਸਾਰੀ ਦੀ ਸਾਰੀ ਸਵੈ-ਚੇਤੰਨਤਾ ਰਿੜਕ ਮਾਰੀ। ਨੰਜੀ ਦੀ ਅੱਜ ਤੱਕ ਦੀ ਸਾਰੀ ਪੜ੍ਹਾਈ 'ਤੇ ਉਸ ਨੂੰ ਅੰਤਾਂ ਦਾ ਤਰਸ ਆਇਆ।

ਲੱਸੀ ਦਾ ਗਲਾਸ ਭਰਕੇ ਮਾਂ ਨੇ ਕੋਲ ਰਖਿਆ। ਨਾਲ ਹੀ ਮਖਣੀ ਦੀ ਖਰੋਟ ਜਿੱਡੀ ਡਲੀ ਸਾਗ 'ਚ ਸਿੱਟ ਗਈ। ਰੋਟੀ ਖਾਂਦਾ ਉਹ ਸੋਚਾਂ 'ਚ ਡੁੱਬਿਆ ਰਿਹਾ। ਦੇਸ਼ 'ਚ ਹੋਈ ਹਰ ਤਬਦੀਲੀ ਉਸ ਨੂੰ ਅਖੌਤੀ ਜਿਹੀ ਤਬਦੀਲੀ ਜਾਪੀ। ਅੰਤਾਂ ਦਾ ਉਸ ਨੂੰ ਗੁੱਸਾ ਆਈ ਜਾ ਰਿਹਾ ਸੀ। ਉਸ ਤੋਂ ਵੀ ਵਧ ਗੁੱਸਾ ਆ ਰਿਹਾ ਸੀ ਨਵੇਂ ਸਮਾਜ ਦੇ ਉਸ ਅਖੌਤੀ ਨਵੇਂ ਮਨੁੱਖ 'ਤੇ, ਚੇਤੰਨਤਾ ਜਿਸ ਦੀ ਅੱਜ ਵੀ ਗ਼ੁਲਾਮ ਹੈ, ਸਦਾ ਵਾਂਗ।

ਆ ਰਹੇ ਇਸ ਗੁੱਸੇ ਬਾਰੇ ਭੋਰਾ ਵੀ ਉਸ ਨੂੰ ਸ਼ੱਕ ਨਹੀਂ ਸੀ। ਸਮਝਦਾ ਸੀ ਜੌਂਧਰ ਦੇ ਖੇਤ 'ਚ ਖੜੇ ਕਣਕ ਦੇ ਪੰਜ ਸੱਤ ਬੂਟੇ ਕਣਕ ਦਾ ਖੇਤ ਨਹੀਂ ਕਹਾ ਸਕਦੇ। ਪੰਜ ਦਸ ਕੁ ਬੰਦਿਆਂ 'ਤੇ ਹੋਏ ਤਬਦੀਲੀ ਦੇ ਅਸਰ ਨੂੰ ਉਹ ਨਵਾਂ ਸਮਾਜ ਜਾਂ ਨਵੇਂ ਸਮਾਜ ਦਾ ਨਵਾਂ ਮਨੁੱਖ ਨਹੀਂ ਸੀ ਮੰਨਦਾ।

ਰੋਟੀ ਖਾਧੀ। ਆਪਣੇ ਆਪ 'ਚ ਖੋਇਆ ਪੈਂਦ 'ਤੇ ਹੀ ਟੇਢਾ ਹੋ ਗਿਆ। ਸੋਚਣ ਲੱਗਿਆ 'ਕਾਸ਼! ਨਵੇਂ ਮਨੁੱਖ ਤੇ ਨਵੇਂ ਸਮਾਜ ਨੂੰ ਲੋਕ ਸਮਝ ਸਕਦੇ। ਜਿਸ 'ਚ ਸਰੀਰ ਜਾਂ ਚੇਤਨਾ ਕੁਛ ਬੀ ਕਿਸੇ ਦੀ ਗੁਲਾਮ ਨੀਂ ਹੁੰਦੀ।

ਜਿਸ 'ਚ ਹਰ ਕੋਈ ਆਪਣੀ ਦਾ ਚਾਹਤ ਆਪ ਸ਼ਹਿਨਸ਼ਾਹ ਹੁੰਦੈ। ਜਿਸ 'ਚ ਖੀਰ ਖਾਣ ਵਾਲੇ ਨੂੰ ਮੀਟ... ਮੀਟ ਖਾਣ ਵਾਲੇ ਨੂੰ ਖੀਰ, ਜਬਰਨ ਜਾਂ ਚਾਂਦੀ ਦੇ ਡੰਡਿਆਂ ਨਾਲ ਨਹੀਂ ਖਾਣੀ ਪੈਂਦੀ।'

ਬੁੜ-ਬੁੜ ਕਰਦਾ ਭਾਨਾ ਟਾਹਣੀਆਂ ਵਢਦਾ ਰਿਹਾ। ਟਿਕ-ਟਿਕੀ ਬੰਨ੍ਹੀ ਨੰਜੀ ਬਾਪੂ ਵੱਲ ਵੇਖਦੀ ਰਹੀ। ਮਾਂ ਸੰਦੂਕ 'ਤੋਂ ਖੱਦਰ ਲਾਹਕੇ ਟੋਕਰੇ 'ਚ ਰੱਖ ਰਹੀ ਸੀ। ਕੁੱਤਾ ਵੇਖਕੇ ਉਸ ਅੰਦਰੋਂ ਹਾਕ ਮਾਰੀ —

'ਮਾਰੀਂ ਨੀਂ ਡੰਡਾ ਪੁੱਤ-ਪਿੱਟੇ ਦੇ। ਉੱਠੀ ਮੇਰੀ ਧੀ। ਨਾਲੇ ਛਾਬਾ ਆਲੇ 'ਚ ਰੱਖ ਦੇ।'

ਭੱਜ ਕੇ ਉੱਠੀ ਨੰਜੀ। ਕੁੱਤਾ ਔਹ ਗਿਆ। ਛਾਬਾ ਆਲੇ 'ਚ ਰੱਖ ਕੇ ਮੁੜੀ ਤਾਂ ਮਾਂ ਨੇ ਗਜ ਮੰਗ ਲਿਆ —

'ਗਜ ਤਾਂ ਫੜਾਈਂ ਪੁੱਤ। ਆ ਨਾਲੇ...ਮਿਣ ਈਂ ਲਈਏ। ਘੱਟ ਈ ਨਾ ਦੇ ਗਿਆ ਹੋਵੇ।'

ਕਾਹਲੀ 'ਚ ਉਥੇ ਹੀ ਛੱਡੀ ਕਾਪੀ ਨਰੰਜਣ ਨੇ ਚੱਕੀ ਤਾਂ ਪੜੱਕ ਕਰਦੀ ਤਸਵੀਰ ਹਿੱਕ 'ਤੇ ਆ ਡਿੱਗੀ। ਉੱਠ ਕੇ ਬੈਠਾ ਹੋਇਆ। ਤਸਵੀਰ ਵੇਖਕੇ ਭੈਣ ਦੇ ਆਖੇ ਉਹ ਲਫ਼ਜ਼ ਯਾਦ ਆ ਗਏ, ਫਰਿਆਦਣ ਬਣਕੇ ਜੋ ਉਸ ਇਕ ਸ਼ਾਮ ਆਖੇ ਸਨ — 'ਬੱਸ ਵੀਰਾ.. ਮੈਂ ਨੀਂ ਹੋਰ ਪੜ੍ਹਨਾ। ਪੜ੍ਹੀ ਨਾਲੋਂ ਅਨ-ਪੜ੍ਹ ਈ ਚੰਗੀ। ਕੀ ਫਾਇਦਾ ਪੜ੍ਹਕੇ.. ਪੜ੍ਹੇ ਨੂੰ ਜੇ ਪੜ੍ਹਿਆ ਡੰਗਰ ਈ ਬਣਾਇਆ ਜਾਣੈਂ। ਪੜ੍ਹੂੰਗੀ ਤਾਂ ਖੁਸ਼ੀਆਂ ਦੀ ਸਮਝ ਪਊਗੀ। ਸਮਝੀਆਂ ਖੁਸ਼ੀਆਂ ਦਾ ਕਤਲ ਅਸਮਝ ਖੁਸ਼ੀਆਂ ਦੇ ਕਤਲ ਨਾਲੋਂ ਅਸਹਿ ਹੁੰਦੈ। ਡੰਗਰ ਈ ਚੰਗੀ ਆਂ ਵੀਰੇ। ਜਿਸ ਖੁਰਲੀ 'ਤੇ ਬਾਪੂ ਬੰਨ੍ਹੂ...ਡੰਗਰ ਹੋਊ ਤਾਂ ਡੰਗਰਾਂ ਅੰਗੂ ਚਰਕੇ ਢਿੱਡ ਤਾਂ ਭਰ ਲੂੰ।'

ਜਿਵੇਂ ਉਸ ਉਦੋਂ ਅੱਖਾਂ ਭਰੀਆਂ ਸਨ...ਫੇਰ ਭਰ ਬੈਠਾ। ਖੱਦਰ ਮਿਣ ਕੇ ਨੰਜੀ ਬਾਹਰ ਨਿੱਕਲੀ। ਭਰਾ ਦੇ ਹੱਥ 'ਚ ਤਸਵੀਰ ਵੇਖ ਕੇ ਪੈਰ ਉੱਥੇ ਹੀ ਜਕੜੇ ਗਏ। ਨਾ ਅੱਗੇ ਹੋ ਸਕੀ...ਨਾ ਪਿਛੇ। ਨਰੰਜਣ ਝਾਕਿਆ। ਖੜ੍ਹੀ ਭੈਣ, ਭੈਣ ਨਹੀਂ...ਯੁੱਗਾਂ 'ਤੋਂ ਹੈਵਾਨੀਅਤ ਦੇ ਕਟਹਿਰੇ 'ਚ ਮਾਸੂਮੀਅਤ ਖੜ੍ਹੀ ਜਾਪੀ। ਉਸ 'ਨੰਜੀ' ਕਿਹਾ ਤਾਂ ਭੱਜ ਕੇ ਭਰਾ ਦੇ ਗੋਡਿਆਂ ਨੂੰ ਆ ਲਿਪਟੀ।

'ਚੰਗੀਆਂ ਸਾਲੀਆਂ ਪੜ੍ਹਾਈਐਂ' ਟਾਹਣੀਆਂ ਕੱਠੀਆਂ ਕਰਦੇ ਭਾਨੇ ਨੇ ਕਿੜ-ਕਿੜ ਕੀਤੀ 'ਟੱਬਰੋਂ ਈ ਸਾਲਾ ਕਮਲਾ ਹੋਇਆ ਪਿਐ।'

'ਉੱਠ ਮੇਰੀ ਭੈਣ' ਨਰੰਜਣ ਹੌਲੀ-ਹੌਲੀ ਆਖੀ ਜਾ ਰਿਹਾ ਸੀ 'ਉੱਠ ..ਐਮੇਂ ਨੀਂ ਦਿਲ ਥੋੜਾ ਕਰੀਦਾ। ਉੱਠ ਵਿਸ਼ਵਾਸ਼ ਰੱਖ। ਵੱਡਾ ਭਰਾ ਬਾਪ ਸਮਾਨ ਈਂ ਹੁੰਦੈ।'



ਨੰਜੀ ਨੇ ਸਿਰ ਚੱਕਿਆ । ਭਾਰੀਆਂ ਅੱਖਾਂ ਨਾਲ ਭਰਾ ਵੱਲ ਝਾਕੀ । ਉਵੇਂ ਅੱਖਾਂ ਭਰਕੇ ਨਰੰਜਣ ਨੇ ਕਿਹਾ 'ਕਮਲੀ ਨਾ ਬਣ । ਸ਼ੁਕਰ ਕਰ...ਉਸ ਭਰਾ ਦੀ ਭੈਣ ਏਂ, ਜੋ ਖੁਸ਼ੀਆਂ ਦੇ ਕਤਲ ਸਭ ਕੁਝ ਸਮਝਦੈ, ਡੰਗਰ ਨਹੀਂ । ਤੋ ਨਾ ਮੇਰੀ ਭੈਣ । ਹੱਸ.. ਹੱਸ ਬੀ ਨਾ'

ਹੱਸ ਕੇ ਇੰਝ ਘੁੱਟ ਲਿਆ ਉਸ ਭਰਾ ਨੂੰ, ਭਰਾ ਨਹੀਂ ਗਲਵੱਕੜੀ 'ਚ ਜਿਵੇਂ ਸਹੇਲੀ ਹੋਵੇ । ਮੁੜ ਹੱਸ ਕੇ ਹਸਦਿਆਂ ਮਾਂ ਨੂੰ ਬੋਲੀ 'ਚੱਲੀਏ ਬੇਬੇ ਖੱਦਰ ਧੋਣ ?'

ਵੇਖ ਕੇ ਨਰੰਜਣ ਦੀਆਂ ਅੱਖਾਂ ਛਲਕ ਪਈਆਂ । ਸਭ ਕੁਝ ਵੇਖ ਕੇ ਭਾਨੇ 'ਤੋਂ ਵੀ ਰਿਹਾ ਨਾ ਗਿਆ 'ਅਲਾਦ ਹੈ ਊਂ ਅਜੀਬ ਬਈ । ਸਮਝ ਨੀਂ ਸਾਲੀ ਪੈਂਦੀ...ਕੋਈ ਹੱਸੀ ਜਾਂਦੈ ਕੋਈ ਰੋਈ ਜਾਂਦੈ । ਉਏ ਮੇਰੇ ਬੀ ਪੱਲੇ ਪਾਉ ਕੁਛ ।'

'ਕੀ ਪਾਈਏ ਤੇਰੇ ਪੱਲੇ ਬਾਪੂ' ਨਰੰਜਣ ਨੇ ਕਿਹਾ 'ਪੱਲੇ ਪੁਆਉਣਾਂ ਸੀ ਤਾਂ ਹੁਣ ਜੰਮਣਾ ਸੀ......'



# RESHMA
## & PARTY

QUEEN ELIZABETH THEATRE

NOVEMBER 16 — SUNDAY — 7:00 P.M.



## ਲੋਕ-ਗੀਤਾਂ ਦੀ ਮਲਕਾ - ਰੇਸ਼ਮਾਂ

FOR DETAILED INFORMATION, CALL

**ARSI ENTERPRISES INC.**

874-5588, 974-0236

---

FOR

**LIFE INSURANCE**

**EDUCATION PLAN**

**MORTGAGE PLAN**

**Retirement registered Saving Plan and all other kinds of insurance**

**Contact**

# DALJIT SANDHU

*of*

## National Life of Canada

Suite, 501, 1155—West Pender Street
Vancouver, B.C. Phone: 685-7231

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ
ਅਤੇ ਤਜਰਬੇਕਾਰ ਸਹਾਇਕ :-

## ਦਲਜੀਤ ਸੰਧੂ



| Office | Residence |
| --- | --- |
| 685-7231 | 278-0491 |

# ਵਾਢੀ ਕਰਦੀ ਕੁੜੀ

ਸੁਰਿੰਦਰ ਕੌਰ ਗਿੱਲ

ਕਣਕ ਰੰਗੀ ਕੁੜੀ–ਡੁਲ੍ਹ ਡੁਲ੍ਹ ਪੈਂਦਾ ਹੁਸਨ .. ਭਰ ਜੁਆਨ, ਤੱਤੀ ਲੋਅ ਵਿਚ ਝੁਲਸੀ ਜਾ ਰਹੀ ਸੀ। ਫਿਰ ਉਹੀ ਗੱਲ – ਜੇ ਪੇਟ ਦਾ ਮਸਲਾ ਨਾ ਹੁੰਦਾ ਤਾਂ ਉਹ ਵੀ ਸਰਦਾਰਾਂ ਦੀ ਕੁੜੀ ਵਾਂਗ ਸਜ ਧਜ ਕੇ ਠੰਡੀ ਜਿਹੀ ਕੋਠੀ ਵਿਚ ਪੱਖੇ ਦੀ ਹਵਾ ਫਕਦੀ। ਮਿਠੀ ਜਿਹੀ ਨੀਂਦ ਦੇ ਹੁਲਾਰਿਆਂ ਵਿਚ ਰੰਗੀਨ ਸੁਪਨੇ ਵੇਖਦੀ ਤੇ ਜਦੋਂ ਉਠਦੀ ਤਾਂ ਸੁਪਨਿਆਂ ਦੀ ਭਾਲ ਵਿਚ ਤੁਰ ਪੈਂਦੀ ਤੇ ਅਚਾਨਕ ਜਦੋਂ ਕੋਈ ਪਿਛੋਂ ਆ ਕੇ ਬਾਂਹ ਫੜ ਲੈਂਦਾ ਤਾਂ ਉਹ ਸਾਰੀ ਦੀ ਸਾਰੀ ਅਪਨੇ ਸੁਪਨਿਆਂ ਸਮੇਤ ਕੰਬ ਜਾਂਦੀ। ਵਾਢੀ ਕਰਦੀ ਕੁੜੀ ਵੀ ਆਪਣੇ ਹਫ ਹੋਏ ਸੁਪਨਿਆਂ ਸਮੇਤ ਕੰਬ ਗਈ। ਕੁੜੀ ਨੂੰ ਪਿਛਲੇ ਵਰ੍ਹੇ ਦੀ ਯਾਦ ਆਈ ਜਦੋਂ ਉਹ ਨਵੀਂ ਨਵੀਂ ਸੁਹਰੇ ਘਰ ਗਈ ਸੀ। ਉਹਦਾ ਦੀਪਾ ਕਿੰਨਾਂ ਚੰਗਾ ਹੁੰਦਾ ਸੀ ਸਾਰਾ ਦਿਨ ਕੰਮ ਕਰਦਾ, ਟੁਟੇ ਜਿਸਮੀਂ ਘਰ ਪਰਤਦਾ ਤਾਂ ਜੀਤੋ ਦੀ ਇਕ ਮੁਸਕਨੀ ਵਿਚ ਉਹ ਆਪਣੇ ਸਾਰੇ ਦਿਨ ਦੀ ਪੀੜ ਨੂੰ ਗਵਾ ਦੇਂਦਾ। ਦੀਪਾ ਸਭ ਕੁਝ ਭੁਲ ਜਾਂਦਾ ਹੁੰਦਾ ਸੀ, ਜ਼ਦੋਂ ਉਹ ਜੀਤੋ ਦੇ ਜ਼ਰਾ ਨੇੜੇ ਹੋਕੇ ਬਹਿੰਦਾ। ਆਖਿਰ ਉਸ ਇਕ ਦਿਨ ਦੀਪੇ ਨੂੰ ਇਸ ਅੰਦਾਜ਼ ਵਿਚ ਕਿਹਾ–

ਦਾਤੀ ਨੂੰ ਲਵਾ ਦੇ ਘੁੰਗਰੂੰ, ਵਾਡੀ ਕਰੂੰਗੀ ਬਰਾਬਰ ਤੇਰੇ।

ਦੀਪਾ ਹਸਿਆ ਤੇ ਚੰਨ ਜਿਹੇ ਮੁਖੜੇ ਨੂੰ ਆਪ ਮੁਹਾਰੇ ਚੁੰਮ ਲਿਆ। ਫਿਰ ਦੋਵੇਂ ਵਾਢੀਆਂ ਕਰਦੇ। ਜੀਤੋ ਜਿਦ ਕੇ ਕਣਕ ਵਢਦੀ, ਕਈ ਵਾਰੀ ਤਾਂ ਦੀਪੇ ਨਾਲੋਂ ਵੀ ਅਗਾਂਹ ਨਿਕਲ ਜਾਂਦੀ। ਉਹ ਇਸੇ ਤਰ੍ਹਾਂ ਚੋਚਲੇ ਕਰਦੇ ਹੁੰਦੇ ਸੀ। ਜੀਤੋ ਦੀ ਦਾਤੀ ਪਲ ਕੁ ਰੁਕ ਜਿਹੀ ਗਈ। ਹੁਣ ਤੇ ਅੱਗ ਵਰਗੀ ਧੁਪ ਵੀ ਲੂਹਣ ਨੂੰ ਕਰਦੀ ਐ, ਬਹਿ ਵੀ ਨਹੀਂ ਹੁੰਦਾ। ਦਾਤੀ ਫਿਰ ਕਣਕ ਦੇ ਮੁਢਾਂ ਤੇ ਚਲਣ ਲਗੀ। ਇੰਜ ਲੱਗਾ ਜਿਵੇਂ ਕਣਕ ਵਾਂਗ ਹੀ ਉਸਦੇ ਦਿਲ ਨੂੰ ਕੋਈ ਵੱਢ ਰਿਹਾ ਹੈ ਤੇ ਹਰ ਯਾਦ ਲਹੂ ਦੀ ਧਾਰ ਬਣਕੇ ਵਹਿ ਰਹੀ ਹੈ।

ਵਕਤ ਵੀ ਕਿੰਨਾ ਜ਼ਾਲਿਮ ਏ, ਇਹ ਇਕ ਸਾਲ ਹੋਰ ਠਹਿਰ ਕਿਉਂ ਨਾ ਗਿਆ ? ਤੇ ਉਸਨੂੰ ਆਪਣੇ ਪਤੀ ਦਾ ਸੋਹਣਾ ਜਿਹਾ ਚੇਹਰਾ ਯਾਦ ਆਇਆ ਤੇ ਇਕ ਹੋਰ ਭਿਆਨਕ ਨਜ਼ਾਰਾ ਵੀ। ਤੇ ਜੀਤੋ ਦੀ ਅੱਖ ਫਰਕੀ। ਇਕ ਇਕ ਘਟਨਾ ਚਲ-ਚਿਤਰ ਵਾਂਗ ਜਿਹਨ ਵਿਚ ਘੁੰਮ ਰਹੀ ਸੀ। ਉਹ ਕਿਹੋ ਜਿਹੀ ਘੜੀ ਸੀ— ਜਦੋਂ ਉਹਦੇ ਦੀਪੇ ਦੀ ਲਹੂ ਭਿਜੀ ਲਾਸ਼ ਉਹਦੀ ਨਿਕੀ ਜਿਹੀ ਝੁਗੀ ਵਿਚ ਲਿਆਂਦੀ ਗਈ। ਉਹ ਦੀਪੇ ਦੀ ਲਾਸ਼ ਤੇ ਮੂਧੀ ਬੇ–ਹੋਸ਼ ਪਈ ਸੀ। ਉਹਦੀ ਸਸ ਤਾਂ ਅਗੇ ਈ ਸਾਹ ਵਰੋਲਦੀ ਪਈ ਸੀ। ਉਹ ਦੀਪੇ ਨਾਲ ਚੰਬੜ ਗਈ ਸੀ, ਜਦੋਂ ਅਰਥੀ ਨੂੰ ਕੁਝ ਲੋਕ ਚੁਕਣ ਲਗੇ ਸੀ। ਪਲ ੨ ਬਾਅਦ ਬੇਹੋਸ਼ੀ। ਹੋਰ ਹੋਣਾ ਵੀ ਕੀ ਸੀ ? ਉਹਦੇ ਦੀਪੇ ਦੀ ਮੌਤ ਕਿਵੇਂ ਹੋਈ ? ਉਹ ਨਹੀਂ ਜਾਣਦੀ ਸੀ। ਸਿਰਫ ਉਹਨੇ ਇਹੀ ਸੁਣਿਆ ਸੀ ਕਿ ਸਰਦਾਰਾਂ ਦੇ ਖੂਹ ਵਾਲੀ ਵਡੀ ਸੜਕ ਤੋਂ ਲਾਸ਼ ਮਿਲੀ ਹੈ। ਓਦਣ ਈ ਉਸਨੇ ਰੰਗੀਨ ਸੁਪਨਿਆਂ ਦੀ ਡਬੀ ਨੂੰ ਖਾਰੇ ਸਮੁੰਦਰ ਵਿਚ ਰੋੜ੍ਹ ਦਿਤਾ।

ਇਸ ਝੁੱਗੀ ਵਿਚ ਪਹਿਲੀ ਰਾਤ ਤੇ ਦੀਪੇ ਦੀ ਪਹਿਲੀ ਨਜ਼ਰ, 'ਆਹ ! ਉਹ...ਮੇਰੇ' ਤੇ ਬਾਕੀ ਸ਼ਬਦ ਉਸ ਦੀ ਤੱਤੀ ਆਹ ਵਿਚ ਸੜ ਕੇ ਰਾਖ ਹੋ ਗਏ। ਪੋਲ੍ਹੀ ਦੇ ਕੰਡੇ ਉਹਦੇ ਪੈਰਾਂ ਵਿਚ ਚੁਭ ਗਏ। ਉਹਨੇ ਇਕ ਪਲ ਠਹਿਰ ਸਾਰੇ ਕੰਡੇ ਕਢ ਦਿਤੇ। ਕੰਡੇ ਵੀ ਕਮਬਖਤ ਕਿ ਯਾਦਾਂ ਵਾਂਗ ਘੜੀ ਮੁੜੀ ਆ ਚੁਭਦੇ ਤੇ ਫਿਰ ਕਢ ਕੇ ਸੁਟ ਦਿੰਦੀ ਸੀ।

'ਬੇਬੇ, ਕਾਤ੍ਹਾ ਧੁਪੇ ਪਿਆ ਹੋਣਾ ਏ।' ਯਾਦਾਂ ਤੋਂ ਉਖੜੀ ਅਬੜਵਾਹੇ ਬੋਲੀ।

'ਉਹ ਤੇ ਕੁੜੇ ਮੈਂ ਸੁਤੇ ਪਏ ਨੂੰ ਹੀ ਉਹ ਬੰਬੀ ਵਾਲੀ ਕੋਠੀ ਵਿਚ ਪਾ ਆਈ ਸਾਂ।'

ਜੀਤੋ ਨੂੰ ਇਹ ਵੀ ਪਤਾ ਨਹੀਂ ਸੀ ਲਗਾ ਕਿ ਕਦੋਂ ਉਹਦੀ ਬੇਬੇ ਗਈ ਤੇ ਕਦੋਂ ਆਈ ਹੈ।

'ਚਲੋ ਪੁਤ*..ਆਹ ਚਾਰ ਕਿਆਰੇ ਵਢ ਲਈਏ ਤ੍ਰਕਾਲਾਂ ਨੂੰ ਪੰਡਾਂ ਪਾ ਲਵਾਂਗੇ। ਚਲੋ...ਚਲੋ।' ਬੇਬੇ ਨੇ ਕਿਹਾ। ਮੁੰਡਾ ਚੀ-ਚੀ ਕੇ ਕਪੜੇ ਭਜ ਰਿਹਾ ਸੀ। ਜੀਤੋ ਦਾ ਆਪਣੇ ਕਾਕੇ ਨੂੰ ਵੇਖਣ ਤੇ ਬੜਾ ਜੀ ਕੀਤਾ

'ਮੈਂ ਜੋ ਕਹਾਂਗੀ ਬਿਲਕੁਲ ਸੱਚ ਕਹਾਂਗੀ, ਮੈਨੂੰ ਪਤਾ ਹੈ ਕਿ ਸੱਚ ਦੀ ਕੋਈ ਕਦਰ ਨਹੀਂ। ਸੱਚ ਦੇ ਗਲ ਵਿੱਚ ਫਾਂਸੀ ਹੈ। ਇਹ ਲੋਕ ਗਰੀਬਾਂ ਦੀ ਇਜ਼ਤ ਮਹਿਫ਼ੂਜ਼ ਨਹੀਂ ਰਖਦੇ, ਕਿਉਂਕਿ ਇਹਨਾਂ ਦੀ ਆਪਣੀ ਇੱਜ਼ਤ ਨਹੀਂ ਹੁੰਦੀ ਤੇ ਨਾ ਇਖ਼ਲਾਕ... ...'

ਬਦਨਸੀਬ ਕਾਕਾ, ਜਿਹਨੇ ਆਪਣੇ ਬਾਪੂ ਦਾ ਮੂੰਹ ਵੀ ਨਹੀਂ ਸੀ ਤਕਿਆ।

'ਕੁੜੇ ਨਿਰਾ ਈ ਦੀਪਾ ਈ ਦੀਪਾ। ਦੇਖ ਨੱਕ, ਬੁਲ੍ਹ, ਮਥਾ ਸਾਰਾ ਮੁਹਾਂਦਰਾਂ ਈ ਦੀਪੇ ਤੇ ਸੂ।' ਕਈ ਜਨਾਨੀਆਂ ਉਹਨੂੰ ਕਈ ਵਾਰ ਕਿਹਾ ਸੀ। ਜਦੋਂ ਕਾਕਾ ਅਜੇ ਪੰਜਾਂ ਛੇਆਂ ਦਿਨਾਂ ਦਾ ਸੀ ਤਾਂ ਉਸਦੀ ਸੱਸ ਨੇ ਵੀ ਉਹਨੂੰ ਇੰਜ ਹੀ ਕਿਹਾ ਸੀ। ਮਾਂ ਦੀਆਂ ਆਂਦਰਾਂ ਨੂੰ ਵਲ੍ਹੇਟ ਜਿਹਾ ਪਿਆ ਤੇ ਉਹ ਉਠਕੇ ਕਾਕੇ ਵਲ ਤੁਰ ਪਈ। 'ਬੰਬੇ ਮੈਂ ਜਰਾ ਕਾਕੇ ਕੋਲ ... ਭੁਖ ਲਗੀ ਹੋਊਗੀ...।' ਉਠਦੀ ਹੋਈ ਦਾਤਰੀ ਵੀ ਨਾਲ ਲੈ ਗਈ ਮਤੇ ਹੋਰ ਨਾ ਤਪ ਜਾਵੇ। ਕਾਹਲੇ ਕਦਮੀਂ ਉਹ ਕੋਠੀ ਵਿਚ ਗਈ ਤੇ ਕਾਕੇ ਨੂੰ ਚੁਕ ਹਿਕ ਨਾਲ ਲਾ ਲਿਆ। ਚੁੰਮ ੨ ਮੂੰਹ ਗਿਲਾ ਕਰ ਛਡਿਆ।

ਕਿੰਨਾ ਚੰਗਾ ਏ ਵਿਚਾਰਾ ਕਾਕਾ ਵੀ। ਕਈ ਅੰਜਾਣੇ ਤਾਂ ਡਾਢਾ ਤੰਗ ਕਰਦੇ ਹਨ। ਰੋਂਦਾ ਵੀ ਘਟ ਵਧ ਈ ਏ। ਤੇ ਜੀਤੋ ਪਤਾ ਨਹੀਂ ਆਪਣੇ ਚੰਨ ਵਰਗੇ, ਦੀਪੇ ਵਰਗੇ ਕਾਕੇ ਨੂੰ ਹੋਰ ਕਿੰਨਾ ਚਿਰ ਚੁੰਮਦੀ ਰਹਿੰਦੀ, ਉਹ ਇਕ ਦਮ ਡਰ ਗਈ। ਕਿਸੇ ਓਪਰੇ ਹਥ ਨੇ ਉਹਦੀ ਬਾਂਹ ਫੜ ਲਈ। ਇਕ ਦਮ ਪਿਛੇ ਮੁੜ ਕੇ ਵੇਖਿਆ–ਓਹੀ ਗੋਗੜ ਵਾਲਾ ਸਰਦਾਰ ਬੇਸ਼ਰਮੀ ਦਾ ਹਾਸਾ ਹਸਦਾ ਕਹਿ ਰਿਹਾ ਸੀ, 'ਜੀਤੋ, ਤੂੰ ਮੇਰੇ ਦਿਲ ਦਾ ਕਰਾਰ ਏਂ...ਸਬਰ ਏਂ ਜੀਤੋ ...ਜਿੰਨੀਆਂ ਭਰੀਆਂ ਵਢੇਂ ਤੇਰੀਆਂ। ਨਹੀਂ ਤਾਂ ਕੋਈ ਵੀ ਨਹੀਂ ; ਤੂੰ ..।' ਪਤਾ ਨਹੀਂ ਕਿਵੇਂ ਉਹਦੇ ਹਥੋਂ ਮੁੰਡਾ ਛੁਟ ਗਿਆ ਤੇ ਕੋਲ ਪਈ ਦਾਤਰੀ ਦੀ ਪਕੜ ਮਜਬੂਤ ਹੋ ਗਈ। 'ਵ...ਹਿ...ਸ਼ੀ' ਇਕ ਦਮ ਉਸਦੀ ਚੀਕ ਨਿਕਲੀ, ਝਟਕੇ ਨਾਲ ਬਾਂਹ ਛੁਡਾ ਲਈ ਤੇ ਪੂਰੇ ਜ਼ੋਰ ਨਾਲ ਬਗੈਰ ਕੁਝ ਹੋਰ ਕਿਹਾਂ-ਸੁਣਿਆਂ, ਦਾਤਰੀ ਉਹਦੀ ਗੋਗੜ ਤੇ ਮਾਰੀ। ਉਹ ਡਿਗਦਾ ੨ ਸੰਭਲਿਆ। ਜੀਤੋ ਨੇ ਚਾਰ ਪੰਜ ਹੋਰ ਕਰਾਰੀਆਂ ਛਡੀਆਂ ਤੇ ਉਹ ਪੁਠਾ ਹੋ ਕੇ ਡਿਗ ਪਿਆ। ਸਰਦਾਰ ਬੇਹੋਸ਼ ਸੀ। ਲਹੂ ਵਗ ਰਿਹਾ ਸੀ। ਜੀਤੋ ਘਬਰਾ ਗਈ, ਉਹਨੇ ਮੁੰਡਾ ਚੁਕਿਆ ਤੇ ਭਜ ਗਈ।

..... ਨੌਕਰ ਬਿਜਲੀ ਵੇਖਣ ਆਇਆ, ਪਾਣੀ ਦੀ ਵਾਰੀ ਜੁ ਸੀ। ਸਰਦਾਰ ਨੂੰ ਇੰਜ ਤੜਫਦਿਆਂ ਵੇਖ ਘਬਰਾ ਉਠਿਆ ਤੇ ਘਰ ਵਲ ਭਜਾ। ਪੁੱਤਰ ਪਹੁੰਚ ਗਏ। ਜ਼ਖ਼ਮੀ ਸਰਦਾਰ ਨੂੰ ਹਸਪਤਾਲ ਪਹੁੰਚਾ-ਇਆ ਗਿਆ। ਰਿਪੋਰਟ ਦਿਤੀ। ਪੁਲਿਸ ਆ ਗਈ। ਸਰਦਾਰ ਦੇ ਬਿਆਨ ਲਏ ਗਏ। ਹਾਲਤ ਗੰਭੀਰ ਸੀ, ਸਰਦਾਰ ਮਸਾਂ ਇਹ ਬੋਲ ਸਕਿਆ, 'ਭ...ਰੀਆਂ ਦੀ ਗਲ...ਸੀ...ਤੇ...ਜੀਤੋ...ਨੇ...।' ਉਸਦੀ ਜਬਾਨ ਖਲੋ ਗਈ ਤੇ ਦਿਲ ਧੜਕਨੋਂ ਹਟ ਗਿਆ। ਮਾਮਲਾ ਸਾਫ ਸੀ ਕਤਲ ਦਾ ਕੇਸ ਜੀਤੋ ਤੇ ਸੀ। ਜੀਤੋ ਨੂੰ ਹਥਕੜੀਆਂ ਲਗੀਆਂ ... ਥਾਨੇ ਲਿਆਂਦਾ ਗਿਆ ... ਜੀਤੋ ਖਾਮੋਸ਼ ਸੀ। ਨਿਮੋਝੂਣੀ ਜਿਹੀ ਵਿਚਾਰੀ। ਅਗੋਂ ਕੀ ਹੋਵੇਗਾ ? ਉਸਦਾ ਦਿਮਾਗ ਸੋਚਣੋਂ ਅਸਮਰਥ ਸੀ। ਜੀਤੋ ਨੇ ਬਿਆਨ ਦਿਤੇ, ਚੁਪ ਇਕ ਦਮ ਟੁਟੀ; ਕਹਿਰਾਂ ਦਾ ਜੋਸ਼ ਪਤਾ ਨਹੀਂ ਕਿਥੋਂ ਆ ਗਿਆ ਸੀ ਤੇ ਜੀਤੋ ਬੋਲ ਰਹੀ ਸੀ, 'ਮੈਂ ਜੋ ਕਹਾਂਗੀ ਬਿਲਕੁਲ ਸੱਚ ਕਹਾਂਗੀ, ਮੈਨੂੰ ਪਤਾ ਹੈ ਕਿ ਸਚ ਦੀ ਕੋਈ ਕਦਰ ਨਹੀਂ। ਸਚ ਦੇ ਗਲ ਵਿਚ ਫਾਂਸੀ ਹੈ। ਇਹ ਲੋਕ ਗਰੀਬਾਂ ਦੀ ਇਜ਼ਤ ਮਹਿਫੂਜ਼ ਨਹੀਂ ਰਖਦੇ, ਕਿਉਂਕਿ ਇਹਨਾਂ ਦੀ ਆਪਣੀ ਇਜ਼ਤ ਨਹੀਂ ਹੁੰਦੀ ਤੇ ਨਾ ਇਖਲਾਕ। ਇਹ ਅਣਜਾਣ ਲੋਕ ਗ਼ਰੀਬਾਂ ਨਾਲ ਧੱਕਾ ਕਰਦੇ ਹਨ। ਭਰੀਆਂ ਭੁਰੀਆਂ ਦੀ ਕੋਈ ਗਲ ਨਹੀਂ, ਇਹ ਮੇਰੀ ਇ...ਜ...ਤ ਲੁਟਣਾ ਚਾਹੁੰਦਾ ਸੀ ਤੇ ਮੈਂ ਆਪਣੇ ਬਚਾਅ ਲਈ ਦਾਤਰੀ ਮਾਰੀ ਸੀ। ਫਿਰ ਪਤਾ ਨਹੀਂ ਮੇਰੇ ਹੱਥੋਂ ਇਹ ਸਭ ਕੁੱਝ ਕਿਵੇਂ ਹੋਇਆ ...ਪਰ ਮੈਂ ਏਨਾਂ ਜ਼ਰੂਰ ਜਾਣਦੀ ਹਾਂ ਕਿ ਮੈਂ ਆਪਣੀ ਇਜ਼ਤ ਬਚਾਈ ਸੀ। ਇਸ ਤੋਂ ਵਧ ਮੈਂ ਕੁਝ ਨਹੀਂ ਕਹਿਣਾ ਚਾਹੁੰਦੀ।' ਜੀਤੋ ਦੀਆਂ ਅਖਾਂ ਵਿਚ ਇਕ ਅਨੋਖੀ ਚਮਕ ਸੀ ਤੇ ਕਾਕੇ ਦਾ ਖਿਆਲ।

ਸਰਦਾਰ ਦੇ ਪੁਤਰ ਨੇ ਥਾਨੇਦਾਰ ਦੇ ਕੰਨ 'ਚ ਕੁਝ ਕਿਹਾ ਤੇ ਉਹਦੀ ਮੁਠ ਘੁਟੀ। 'ਕਰ ਲਵਾਂਗਾ ਇਹਦੇ ਨਾਲ ਵੀ ਗਲ। ਹ...ਰਾ...ਮ...ਜ਼ਾ...ਦੀ ਲਗਦੀ ਕੁਝ ਇਜ਼ਤ ਦੀ...ਦੇਖ ਲਾਂਗੇ ਰਾਤ ਨੂੰ ...।' ਥਾਣੇਦਾਰ ਦੇ ਮੂੰਹ ਵਿਚੋਂ ਪਾਣੀ ਵਗ ਰਿਹਾ ਸੀ ਤੇ ਸਰੀਰ ਵਿਚ ਸਰਦਾਰ ਵਾਲੀ ਅੱਗ...। ●

# ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ : ਵਿਸ਼ੇਸ਼ ਇਕੱਤਰਤਾਵਾਂ

ਹਿੰਦੀ ਲੇਖਕ ਜਗਦੰਬਾ ਪ੍ਰਸ਼ਾਦ ਦੀਕਸ਼ਿਤ, ST. XAVIER'S COLLEGE BOMBAY-1 ਵਿਚ ਹਿੰਦੀ ਵਿਭਾਗ ਦੇ ਮੁਖੀ ਹਨ। ਹਿੰਦੀ ਵਿਚ ਉਹਨਾਂ ਦੇ ਦੋ ਨਾਵਲ 'ਕਟਾ ਹੂਆ ਆਸਮਾਨ' ਅਤੇ 'ਮੁਰਦਾਘਰ' ਛਪ ਚੁਕੇ ਹਨ ਅਤੇ 'ਕਾਗਜ਼ ਕੇ ਆਦਮੀ' ਨਾਂ ਦਾ ਨਾਟਕ ਤੇ 'ਗੰਦਗੀ ਔਰ ਜ਼ਿੰਦਗੀ' ਨਾਂ ਦਾ ਕਹਾਣੀ-ਸੰਗ੍ਰਹਿ ਜਲਦੀ ਛਪਣ ਵਾਲੇ ਹਨ।

ਕੈਨੇਡਾ ਦੇ ਪ੍ਰਸਿੱਧ ਨਾਵਲਕਾਰ ਡਾ: ਕੇਸਰ ਸਿੰਘ ONOWAY (ALBERTA) ਵਿਚ ਇਕ ਵਿਦਿਅਕ ਉਚ-ਅਧਿਕਾਰੀ ਹਨ। ਪੰਜਾਬੀ ਵਿੱਚ ਉਹਨਾਂ ਦੇ ਤਿੰਨ ਨਾਵਲ 'ਲਹਿਰ ਵਧਦੀ ਗਈ', 'ਜੰਗੀ ਕੈਦੀ' ਤੇ 'ਸ਼ਹੀਦ ਊਧਮ ਸਿੰਘ' ਅਤੇ ਅੰਗ੍ਰੇਜ਼ੀ ਵਿਚ ਇਕ ਪੁਸਤਕ : INDIAN INDEPENDENCE MOVEMENT IN EAST ASIA ਛਪ ਚੁਕੇ ਹਨ। ਉਹਨਾਂ ਦੀਆਂ ਕਿਰਤਾਂ– ਬਾਬਾ ਉਸਮਾਨ (ਨਾਵਲ), ਮਦਨ ਲਾਲ ਢੀਂਗਰਾ ਬਾਰੇ ਇਤਿਹਾਸਕ ਨਾਵਲ, ਆਜ਼ਾਦ ਹਿੰਦ ਫੌਜ ਦੇ ਘੋਲ 'ਚ ਗੁਜ਼ਰੀਆਂ ਉਹਨਾਂ ਦੀ ਲਿਖੀ ਡਾਇਰੀ – ਅਗਲੇ ਕੁਝ ਸਾਲਾਂ ਵਿਚ ਪਾਠਕਾਂ ਦੇ ਹੱਥਾਂ ਵਿਚ ਹੋਣਗੀਆਂ।

'ਵਤਨੋਂ ਦੂਰ' ਵੱਲੋਂ ਦੋਹਾਂ ਸਾਹਿੱਤਕਾਰਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਦਫ਼ਤਰ ਵਤਨੋਂ ਦੂਰ ਵਿਚ ਹੋਈਆਂ ਨਿੱਕੀਆਂ ਨਿੱਕੀਆਂ ਸਾਹਿਤਕ ਮੁਲਾਕਾਤਾਂ ਵਿਚ ਜ. ਪੀ. ਦੀਕਸ਼ਿਤ ਨੂੰ; ਅਜਮੇਰ ਸਿੰਘ ਰੋਡੇ, ਸਾਧੂ, ਉੱਜਲ ਦੋਸਾਂਝ, ਅਮਰਜੀਤ ਸੂਫ਼ੀ, ਹਰਭਜਨ ਚੀਮਾ, ਅਜਾਇਬ ਦੂਹੜਾ ਅਤੇ ਡਾ: ਕੇਸਰ ਸਿੰਘ ਨੂੰ ਉਜਲ ਦੋਸਾਂਝ, ਚਰਨਜੀਤ ਸਿੱਧੂ ਤੇ ਬਹਾਦਰ ਸਿਰੋਤਾ ਆਦਿਕ ਨੌਜੁਆਨ ਲੇਖਕਾਂ ਨੇ ਸੁਣਿਆ। (ਸ. ਪੰਨਲ)

ਜਗਦੰਬਾ ਪ੍ਰਸ਼ਾਦ ਦੀਕਸ਼ਿਤ : ਐਸੋਸੀਏਸ਼ਨ ਦੀ 15 ਜੂਨ ਦੀ ਇਕੱਤਰਤਾ ਵਿਚ ਭਾਰਤ ਤੋਂ ਹਿੰਦੀ ਦਾ ਨਾਵਲਕਾਰ 'ਦੀਕਸ਼ਿਤ' ਵੀ ਸ਼ਾਮਲ ਹੋਇਆ। ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ 'ਦੀਕਸ਼ਿਤ' ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਸਾਹਿੱਤ ਪ੍ਰਤੀ ਉਸਦੇ ਵਿ ਸੁਣਨ ਦੀ ਇੱਛਾ ਪ੍ਰਗਟਾਈ ਗਈ। 'ਦੀਕਸ਼ਿਤ' ਨੇ ਅਜੋਕੀ ਭਾਰਤੀ ਸਥਿਤੀ ਅਤੇ ਸਮਕਾਲੀ ਸਾਹਿੱਤ ਦੇ ਉਸ ਨਾਲ ਸੰਬੰਧ ਉਤੇ ਚਾਨਣ ਪਾਇਆ। 'ਦੀਕਸ਼ਿਤ' ਦੀ ਸਾਹਿੱਤਕ ਸਖ਼ਸ਼ੀਅਤ ਬਾਰੇ ਸਭ ਤੋਂ ਪ੍ਰਭਾਵਸ਼ਾਲੀ ਗੱਲ ਸ਼ਾਇਦ ਉਸਦੀ ਸਪੱਸ਼ਟ ਤੇ ਨਿੱਗਰ ਵਿਚਾਰਧਾਰਾ ਸੀ। ਉਸ ਅਨੁਸਾਰ ਜੋ ਸਾਹਿੱਤ ਅੱਜ ਭਾਰਤ ਵਿਚ ਸਮਕਾਲੀ ਯਥਾਰਥ ਦੀਆਂ ਅੱਖਾਂ ਵਿੱਚ ਅੱਖਾਂ ਪਾਕੇ ਨਹੀਂ ਵੇਖ ਸਕਦਾ ਉਹ ਫੋਕਾ ਅਤੇ ਭੁਲੇਖਾ ਪਾਊ ਹੈ। ਉਸਨੇ ਕਿਹਾ ਕਿ ਉਸਦੀਆਂ ਆਪਣੀਆਂ ਲਿਖਤਾਂ ਵਿਚ ਸਮਾਜ ਦੀ ਸਹੀ ਸਹੀ ਤਸਵੀਰ ਪਾਠਕਾਂ ਸਾਹਮਣੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੁੰਦਾ ਹੈ ਜਿਸ ਤੋਂ ਉਹ ਆਪਣੇ ਆਪ ਸਮਝ ਲੈਣ ਕਿ ਅਸਲੀਅਤ ਕੀ ਹੈ। ਪਰ ਉਸਨੇ ਲੋਕਾਂ ਵਿੱਚ ਜਾਗ੍ਰਤ ਪੈਦਾ ਕਰਨ ਲਈ ਨਾਵਲ ਤੇ ਨਿੱਕੀ ਕਹਾਣੀ ਦੀ ਜੋਗਤਾ ਪ੍ਰਤੀ ਨਿਰਾਸ਼ਤਾ ਪ੍ਰਗਟਾਈ ਤੇ ਕਿਹਾ ਕਿ ਅੱਜਕਲ ਸਾਨੂੰ ਨਾਟਕ ਦੇ ਖੇਤਰ ਵਿਚ ਜ਼ਿਆਦਾ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਨਾਟਕ ਇਕ ਸ਼ਕਤੀਸ਼ਾਲੀ ਤੇ ਲੋਕਾਂ ਦੇ ਮਨਾਂ ਤੇ ਛੇਤੀ ਪ੍ਰਭਾਵ ਪਾਉਣ ਵਾਲਾ ਮਾਧਿਅਮ ਹੈ। ਸਾਨੂੰ ਚੰਗੇ ਨਾਟਕਕਾਰਾਂ ਤੇ ਨਾਟਕ-ਨਿਰਦੇਸ਼ਕਾਂ ਦੀ ਬਹੁਤ ਲੋੜ ਹੈ ਅਤੇ ਉਹ ਵੀ ਇਸ ਪਾਸੇ ਵੱਲ ਜ਼ਿਆਦਾ ਕੰਮ ਕਰ ਰਿਹਾ ਹੈ। 'ਦੀਕਸ਼ਿਤ' ਦੇ ਵਿਚਾਰਾਂ ਨੂੰ ਸਾਰਿਆਂ ਨੇ ਦਿਲਚਸਪੀ ਨਾਲ ਸੁਣਿਆਂ। ਉਸਦਾ ਅਜੋਕੀ ਭਾਰਤੀ ਸਮਾਜਕ ਸਥਿਤੀ ਦਾ ਅਧਿਐਨ ਤੇ ਵਿਸ਼ਲੇਸ਼ਨ ਪ੍ਰਭਾਵਪਾਊ ਸੀ।

ਕੇਸਰ ਸਿੰਘ : ਪੰਜਾਬੀ ਦੇ ਇਤਿਹਾਸਕ ਨਾਵਲਕਾਰ ਕੇਸਰ ਸਿੰਘ ਨੇ ਐਸੋਸੀਏਸ਼ਨ ਦੀਆਂ ਜੁਲਾਈ-ਅਗਸਤ ਦੀਆਂ ਇਕੱਤਰਤਾਵਾਂ ਵਿਚ ਹਿੱਸਾ ਲਿਆ। ਮੈਂਬਰਾਂ ਵੱਲੋਂ ਹਾਰਦਿਕ ਸਵਾਗਤ ਕੀਤਾ ਗਿਆ। 13 ਜੁਲਾਈ ਨੂੰ ਕੇਸਰ ਸਿੰਘ ਨੇ ਸਾਹਿੱਤ ਅਤੇ ਮਨੁੱਖੀ-ਰਿਸ਼ਤਿਆਂ ਸੰਬੰਧੀ ਆਪਣੇ ਵਿਚਾਰ ਪ੍ਰਗਟਾਏ ਅਤੇ ਕਿਹਾ ਕਿ ਸਾਹਿੱਤ ਨਾਲੋਂ ਮਨੁੱਖੀ ਰਿਸ਼ਤਿਆਂ ਦਾ ਦਰਜਾ ਉਚੇਰਾ ਹੈ। ਸਿਹਤਮੰਦ ਸਾਹਿੱਤ-ਰਚਨਾ ਮਜ਼ਬੂਤ ਮਨੁੱਖੀ ਰਿਸ਼ਤਿਆਂ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। ਪਿੱਛੋਂ ਫੈਸਲਾ ਹੋਇਆ ਕਿ ਅਗਲੀ ਮੀਟਿੰਗ ਵਿਚ ਉਸਦੇ ਨਾਵਲ 'ਲਹਿਰ ਵਧਦੀ ਗਈ' ਤੇ ਆਲੋਚਨਾਤਮਕ ਵਿਚਾਰ-ਵਟਾਂਦਰਾ ਕੀਤਾ ਜਾਵੇ। 10 ਅਗਸਤ ਦੀ ਇਕੱਤਰਤਾ ਵਿਚ ਕੁਝ ਮੈਂਬਰਾਂ ਨੇ 'ਲਹਿਰ ਵਧਦੀ ਗਈ' ਬਾਰੇ ਆਪਣੇ ਵਿਚਾਰ ਦੱਸੇ। ਗੁਰਚਰਨ ਰਾਮਪੁਰੀ ਨੇ ਕਿਹਾ ਕਿ ਨਾਵਲ ਹਰ ਪੱਖ ਤੋਂ ਵਧੀਆ ਹੈ ਸਿਰਫ਼ ਅੰਤ ਬਹੁਤਾ ਸੰਖੇਪ ਹੋਇਆ ਹੈ ਜਾਂ ਕਿਤੇ ਕਿਤੇ ਨਾਵਲ ਦੀ ਸ਼ੈਲੀ ਵਿਚ ਰਚਿਆਈ ਮਹਿਸੂਸ ਹੁੰਦੀ ਹੈ ਪਰ ਇਹ ਕੋਈ ਵੱਡਾ ਦੋਸ਼ ਨਹੀਂ। ਅਮਰਜੀਤ ਚਾਹਲ ਨੇ ਵੀ ਰਾਮਪੁਰੀ ਨਾਲ ਸਹਿਮਤ ਹੁੰਦੇ ਹੋਏ ਕਿਹਾ ਕਿ ਨਾਵਲ ਦਾ ਅੰਤ ਜ਼ਿਆਦਾ ਸੰਖੇਪ ਜਾਪਦਾ ਹੈ। ਅਜਮੇਰ ਸਿੰਘ ਰੋਡੇ ਨੇ ਕਿਹਾ ਕਿ ਨਾਵਲ ਦਾ ਵਿਸ਼ਾ ਮੌਲਿਕ ਹੈ ਤੇ ਇਸਦੀ ਪੰਜਾਬੀ ਵਿਚ ਵਿਸ਼ੇਸ਼ ਮਹਾਨਤਾ ਹੈ ਪਰ ਉਸ ਅਨੁਸਾਰ ਲੇਖਕ ਨੇ ਨਾਵਲ ਨੂੰ ਯਥਾਰਥਕ ਦੀ ਥਾਂ ਰੁਮਾਂਟਿਕ ਰੰਗ ਜ਼ਿਆਦਾ ਦੇ ਦਿੱਤਾ ਹੈ। ਭਾਵੇਂ ਦੱਖਣ-ਪੂਰਬੀ ਏਸ਼ੀਆ ਵਿਚ ਭਾਰਤੀ ਆਜ਼ਾਦੀ ਦੀ ਲਹਿਰ, ਜੋ ਨਾਵਲ ਦਾ ਵਿਸ਼ਾ ਹੈ, ਬਹੁਤ ਮੁਸ਼ਕਲਾਂ ਵਿਚੋਂ ਦੀ ਲੰਘੀ ਹੋਵੇਗੀ ਪਰ ਨਾਵਲ ਦੇ ਕਿਸੇ ਪਾਤਰ ਨੂੰ ਵੀ ਹੌਸਲਾ ਹਾਰਦੇ ਹੋਏ ਜਾਂ ਵਿਸ਼ਵਾਸ ਤੋਂ ਥਿੜਕਦੇ ਹੋਏ ਨਹੀਂ ਦਿਖਾਇਆ ਗਿਆ। ਸਾਰੇ ਦੇ ਸਾਰੇ ਪਾਤਰ ਆਦਰਸ਼ਕ ਜਾਪਦੇ ਹਨ। ਬਲਦੇਵ ਸਿੰਘ ਨੇ ਅਜਮੇਰ ਸਿੰਘ ਨਾਲ ਸਹਿਮਤੀ ਪਰਗਟ ਕਰਦੇ ਹੋਏ ਕਿਹਾ ਕਿ ਭਾਵੇਂ ਉਹ ਨਾਵਲ ਨੂੰ ਪੂਰੀ ਤਰ੍ਹਾਂ ਨਹੀਂ ਪੜ੍ਹ ਸਕਿਆ; ਉਸਨੂੰ ਵੀ ਇਵੇਂ ਮਹਿਸੂਸ ਹੋਇਆ ਹੈ ਕਿ ਪਾਤਰ ਜੱਦੋਜਹਿਦ ਵਿਚੋਂ ਗੁਜ਼ਰਕੇ ਵਿਕਸਿਤ ਨਹੀਂ ਹੁੰਦੇ ਦਿਖਾਏ ਗਏ। ਉਂਞ ਪੰਜਾਬੀ ਵਿੱਚ ਇਸ ਨਾਵਲ ਦਾ ਮਹੱਤਤਾ ਵਾਲਾ ਅਸਥਾਨ ਹੈ। ਇਸ ਪਿੱਛੋਂ ਕੇਸਰ ਸਿੰਘ ਨੇ ਕੁਝ ਨੁਕਤੇ ਸਪੱਸ਼ਟ ਕੀਤੇ।

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਲਈ ਇਹ ਮਾਣ ਵਾਲੀ ਗੱਲ ਹੈ ਕਿ 'ਦੀਕਸ਼ਿਤ' ਤੇ 'ਕੇਸਰ ਸਿੰਘ' ਵਰਗੇ ਸਾਹਿੱਤਕਾਰ ਉਸਦੀਆਂ ਮੀਟਿੰਗਾਂ ਵਿਚ ਸ਼ਾਮਲ ਹੋਏ। ਐਸੋਸੀਏਸ਼ਨ ਅਜਿਹੇ ਸਾਹਿੱਤਕਾਰਾਂ ਦੇ ਅੱਗੋਂ ਲਈ ਮੀਟਿੰਗਾਂ ਵਿਚ ਸ਼ਾਮਲ ਹੋਣ ਨੂੰ 'ਜੀ ਆਇਆਂ' ਆਖਦੀ ਹੈ।

ਐਸੋਸੀਏਸ਼ਨ ਦੀਆਂ ਅਗਲੀਆਂ ਪੰਦਰਵਾੜਾ ਮੀਟਿੰਗਾਂ 7, 21 ਸਤੰਬਰ ਅਤੇ 5 ਅਤੇ 19 ਅਕਤੂਬਰ ਨੂੰ ਮਾਊਂਟ ਪਲੈਜ਼ੈਂਟ ਇਨਫਾਰਮੇਸ਼ਨ ਸੈਂਟਰ ਵਿਚ ਹੋਣਗੀਆਂ।

ਅਜਮੇਰ ਸਿੰਘ ਰੋਡੇ
(ਜਨਰਲ ਸਕੱਤਰ)

# BOMBAY CURRY RESTAURANT

**3934 MAIN STREET (23RD AVENUE)**

**VANCOUVER, B.C.**

**PHONE: 874-5722**

FOR TAKE AWAY AND EAT THERE,
MOUTH WATERING SWEETS:
Mesu, Patisa, Besan, Barfi, Gajarpak, Laddo, Padha, Gulab jamun, Rasgoole, Badana, Jalebi, Amratiyan, Shakerpare, Namkeen Bhujiya and many many more.

and for SPICY NAMKEENS ......
SAMOSE, CHOLE BHATURE,
PURIS and GOLGAPPE
and lots more

CHICKEN CURRY, BEEF CURRY, VEGETABLE LAMB, CHICKEN TANDOORI (SERVED WITH SALAD & RICE PILLAU), FRESH GREEN BEANS & POTATOES, MIXED VEGETABLE.

*The Ultimate in Highclass SPICY FOODS with 22 Years experience begind it*

## FOR WEDDING AND PARTY CATERING

**Contact: K. S. PABLA**

ਬੰਬੇ ਕਰੀ ਰੈਸਟੋਰੈਂਟ ਨੂੰ ਇਕ ਤਜਰਬੇਕਾਰ ਹਲਵਾਈ ਦੀ ਲੋੜ ਹੈ। ਤਨਖਾਹ 8 ਡਾਲਰ ਪ੍ਰਤੀ ਘੰਟਾ! ਫੋਨ ਕਰੋ !!

# LONDON FASHION STORE

4393 Main Street
(at 28th Avenue)
Vancouver, B.C.



Phone:
Business:
876-7515
Residence:
879-3401

**IMPORTERS, EXPORTERS, WHOLESALER, RETAILERS — INDIA's NOVELTIES — JEWELLERY**

SPECIALISTS IN: Sarees; Shirts; Ladies, Gents and Childrens Knitwear, all kinds of fabrics.

MANAGER: SARBJIT SINGH AAWLA

ਲੰਡਨ ਫ਼ੈਸ਼ਨ ਸਟੋਰ, ਵੈਨਕੂਵਰ

DEAR WATNO DUR PEOPLE!

BOMBAY GOLDEN FILMS highly appreciate your continuous contribution to PANJABI LITERATURE & CULTURE for a period of over two years.

Where other efforts in PANJABI JOURNALISM IN CANADA have been irregular, half-hearted and inconsistent; yours has been a determined and consistent approach. We the Panjabies, are indebted to you for this extremely valuable service. Please let your readers know that:

# RAJESH KHANNA
# &
# ZEENAT AMAN

are coming soon in Vancouver;

and that our Future Films in Vancouver are;

MR. ROMEO
AA GALE LAG JA
MAZBOOR
KANWARA BAAP
VIDAYEE
JAB YAAD KISI KI AATI HAI

(Shown in OLYMPIA THEATRE (PHONE: 255-2920) every SUNDAY at 2:30, 5:30, & 8:30 p.m.)

**FOR FURTHER INFORMATION: CONTACT:**
**254-0265 or 437-6766**

THANK YOU!

YOURS SINCERELY,

**BOMBAY GOLDEN FILMS**

29-30 ਅਪ੍ਰੈਲ 1975 ਨੂੰ ਵੀਅਤਨਾਮ-ਆਜ਼ਾਦੀ-ਸੰਗਰਾਮ ਦੀ ਜਿੱਤ, ਵੀਹਵੀਂ ਸਦੀ ਦੀ ਤੀਜੀ ਮਹਾਨ ਇਨਕਲਾਬੀ ਘਟਨਾ ਹੈ।

1917 ਅਤੇ 1945 ਦੇ ਇਨਕਲਾਬੀ ਸੰਗਰਾਮਾਂ ਨੇ ਕ੍ਰਮਵਾਰ 'ਰੂਸੀ ਜ਼ਾਰਸ਼ਾਹੀ' ਤੇ 'ਜਰਮਨ ਨਾਜ਼ੀਵਾਦ' ਨੂੰ ਹੂੰਝ ਦਿੱਤਾ ਸੀ ਅਤੇ 1975 ਦੀ ਇਹ ਜਿੱਤ, 'ਸਾਮਰਾਜਵਾਦ' ਦੀ ਮੌਤ ਦਾ ਸੰਕੇਤ ਹੈ।

2 ਸਤੰਬਰ 1945 ਨੂੰ ਪ੍ਰਧਾਨ ਹੋ-ਚੀ-ਮਿੰਨ੍ਹ ਨੇ ਵੀਅਤਨਾਮ ਜ਼ਮਹੂਰੀ ਗਣਰਾਜ ਦੀ ਆਜ਼ਾਦੀ ਦਾ ਦਿਨ ਐਲਾਨ ਕਰਦਿਆਂ, 'ਆਰਜ਼ੀ ਸਰਕਾਰ' ਵੱਲੋਂ ਵੀਅਤਨਾਮ ਦੇ ਲੋਕਾਂ ਨੂੰ ਇਕ ਵਿਸ਼ੇਸ਼ ਸੁਨੇਹਾ ਦਿੱਤਾ ਸੀ। ਅੱਜ ਪੂਰੇ 30 ਸਾਲ ਪਿੱਛੋਂ ਵੀਅਤਨਾਮ ਦੀ ਸਰਕਾਰ ਕੋਈ 'ਆਰਜ਼ੀ ਸਰਕਾਰ' ਨਹੀਂ ਸਗੋਂ 'ਅਮਰੀਕੀ ਸਾਮਰਾਜਵਾਦ' ਦੇ ਖੰਡਰਾਂ ਤੇ ਸਥਾਪਤ ਕੀਤੀ ਗਈ 'ਲੋਕਾਂ ਦੀ ਆਪਣੀ ਸਰਕਾਰ' ਹੈ।

ਵੀਅਤਨਾਮ-ਆਜ਼ਾਦੀ-ਸੰਗਰਾਮ ਦੀ ਜਿੱਤ ਕੁਰਬਾਨੀ, ਸੰਘਰਸ਼ ਤੇ ਸਿਰੜ ਦੀ ਇਕ ਅਭੁੱਲ ਕਹਾਣੀ ਹੈ ਅਤੇ ਅੰਤਰ-ਰਾਸ਼ਟਰੀ ਖੇਤਰ ਵਿਚ ਨਵੀਆਂ ਹੋਣੀਆਂ ਦੀ ਪ੍ਰਤੀਕ ਹੈ।

2 ਸਤੰਬਰ 1945 ਨੂੰ ਸਮਰਪਿਤ ਇਸ "ਅੰਤਰ-ਰਾਸ਼ਟਰੀ ਵੀਅਤਨਾਮ ਸਪਲੀਮੈਂਟ" ਵਿਚ ਅਸੀਂ ਵੀਅਤਨਾਮ ਦੀ ਜਿੱਤ ਤੋਂ ਪਹਿਲਾਂ ਤੇ ਬਾਅਦ ਵਿੱਚ ਲਿਖੀਆਂ ਗਈਆਂ ਵੀਅਤਨਾਮ, ਅਮਰੀਕਾ, ਕੈਨੇਡਾ, ਭਾਰਤ ਤੇ ਪਾਕਿਸਤਾਨ ਦੇ ਲੇਖਕਾਂ ਦੀਆਂ ਰਚਨਾਵਾਂ ਆਪਣੇ ਪਾਠਕਾਂ ਨੂੰ ਪੇਸ਼ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ। — ਸੁਰਿੰਦਰ ਧੰਜਲ



ਮਹਾਨ ਹੋ-ਚੀ-ਮਿੰਨ੍ਹ
(1892 - 3 ਸਤੰਬਰ 1969)

# ਕਲਾ ਅਤੇ ਸੱਭਿਆਚਾਰ ਬਾਰੇ ਹੋ-ਚੀ-ਮਿੰਨ੍ਹ

... ਸਾਹਿਤ ਤੇ ਕਲਾ ਦੀ ਇਕ ਲੜਾਈ ਦਾ ਮੁਹਾਜ਼ ਹਨ। ਤੁਸੀਂ ਇਸ ਫਰੰਟ ਤੇ ਲੜਨ ਵਾਲੇ ਜੋਧੇ ਹੋ। ਹੋਰ ਜੋਧਿਆਂ ਦੀ ਤਰ੍ਹਾਂ, ਕਲਾਤਮਕ ਮੁਹਾਜ਼ ਤੇ ਤੁਸੀਂ ਲੜਾਕੂਆਂ ਦੀਆਂ ਵੀ ਕੁਝ ਨਿਸ਼ਚਿਤ ਜ਼ਿੰਮੇਵਾਰੀਆਂ ਹਨ। ... ਆਪਣੇ ਫ਼ਰਜ਼ਾਂ ਨੂੰ ਨਿਭਾਉਣ ਲਈ, ਤੁਹਾਡਾ ਇੱਕ ਮਜ਼ਬੂਤ ਸਿਆਸੀ ਸਟੈਂਡ ਤੇ ਇਕ ਸੁਚੱਜੀ ਵਿਚਾਰਧਾਰਾ ਹੋਣੀ ਚਾਹੀਦੀ ਹੈ, ਸੰਖੇਪ ਵਿਚ ਤੁਹਾਨੂੰ ਮੁਜ਼ਾਹਮਤ, ਪਿਤਰਭੂਮੀ ਤੇ ਲੋਕਾਂ ਦੇ ਹਿਤਾਂ ਨੂੰ ਸਭ ਤੋਂ ਉਪਰ ਰੱਖਣਾ ਚਾਹੀਦਾ ਹੈ। ਆਪਣੇ ਉਸਾਰੂ ਕੰਮਾਂ ਦੇ ਮਾਮਲੇ 'ਚ ਤੁਹਾਨੂੰ ਲੋਕਾਂ ਦੀ ਜ਼ਿੰਦਗੀ ਨੂੰ ਸਮਝਣਾ ਚਾਹੀਦਾ ਹੈ ਤੇ ਉਸਦੇ ਨਾਲ ਨਜ਼ਦੀਕੀ ਰਿਸ਼ਤਾ ਕਾਇਮ ਕਰਨਾ ਚਾਹੀਦਾ ਹੈ ਤੇ ਉਸ 'ਚ ਖੁਭਣਾ ਚਾਹੀਦਾ ਹੈ।... ਸਾਹਿਤ ਤੇ ਕਲਾ, ਹੋਰ ਸਾਰੀਆਂ ਸਰਗਰਮੀਆਂ ਦੀ ਤਰ੍ਹਾਂ, ਆਰਥਿਕਤਾ ਤੇ ਸਿਆਸਤ ਤੋਂ ਨਿਖੜੇ ਨਹੀਂ ਰਹਿ ਸਕਦੇ, ਉਨ੍ਹਾਂ 'ਚ ਸ਼ਾਮਲ ਹੋਣੇ ਚਾਹੀਦੇ ਹਨ।...

(ਚਿੱਤਰ ਪ੍ਰਦਰਸ਼ਨੀ : 10 ਦਸੰਬਰ 1951 ਨੂੰ ਭੇਜੇ ਗਏ ਸੁਨੇਹੇ ਦੇ ਕੁਝ ਅੰਸ਼)

... ਸੱਭਿਆਚਾਰ ਨੂੰ ਅਮਲੀ ਢੰਗ ਨਾਲ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ। ਇਸ ਨੂੰ ਲੋਕਾਂ ਲਈ ਆਰਾਮਦਾਇਕ ਤੇ ਸਿਹਤਮੰਦ ਜ਼ਿੰਦਗੀ ਬਨਾਉਣ 'ਚ ਯੋਗਦਾਨ ਦੇਣਾ ਚਾਹੀਦਾ ਹੈ। ਨਤੀਜੇ ਵਜੋਂ ਸੱਭਿਆਚਾਰ 'ਚ ਸਿਖਿਆ ਦਾ ਅੰਸ਼ ਹੋਣਾ ਚਾਹੀਦਾ ਹੈ। ਮਿਸਾਲ ਵਜੋਂ ਸਾਨੂੰ ਲੋਕਾਂ ਨੂੰ ਨਵੀਂ ਜ਼ਿੰਦਗੀ ਤੇ ਇਨਕਲਾਬੀ ਸਦਾਚਾਰ ਬਾਰੇ ਸਿਖਿਆ ਦੇਣੀ ਚਾਹੀਦੀ ਹੈ।... ਸੱਭਿਆਚਾਰ ਨੂੰ ਕੰਮ ਤੇ ਉਤਪਾਦਨ ਨਾਲ ਨੇੜਿਓਂ ਸੰਬੰਧਤ ਹੋਣਾ ਚਾਹੀਦਾ ਹੈ। ਜ਼ਿੰਦਗੀ ਤੇ ਮਿਹਨਤ ਨਾਲੋਂ ਨਿਖੜ ਜਾਣ ਨਾਲ ਇਹ ਬਾਂਝ ਹੋ ਜਾਂਦੀ ਹੈ।... ਸੰਖੇਪ 'ਚ ਸਮਾਜਵਾਦੀ ਇਨਕਲਾਬ ਦੀ ਸੇਵਾ ਕਰਨ ਲਈ ਸੱਭਿਆਚਾਰ ਦਾ ਤੱਤ ਸਮਾਜਵਾਦੀ ਤੇ ਰੂਪ ਕੌਮੀ ਹੋਣਾ ਚਾਹੀਦਾ ਹੈ।... ਮੌਜੂਦਾ ਹਾਲਤਾਂ ਵਿੱਚ ਬਹੁਤ ਸਾਰੀਆਂ ਮੁਸ਼ਕਲਾਂ ਨਾਲ ਦਰਪੇਸ਼ ਹਾਂ, ਸਾਡੇ ਕਾਰਕੁਨਾਂ ਤੇ ਲੋਕਾਂ ਦਾ ਸੱਭਿਆਚਾਰਕ ਪੱਧਰ ਨੀਵਾਂ ਹੈ, ਜਿਸਦੇ ਕਾਰਨ ਸਾਡੇ ਕੰਮ ਤੇ ਪੈਦਾਵਾਰ 'ਚ ਬਹੁਤ ਸਾਰੀਆਂ ਊਣਤਾਈਆਂ ਰਹਿ ਜਾਂਦੀਆਂ ਹਨ। ਤੁਹਾਡਾ ਫ਼ਰਜ਼ ਦਿਨੋ ਦਿਨ ਕੋਸ਼ਿਸ਼ਾਂ ਕਰਨਾ ਹੈ ਤਾਂ ਕਿ ਆਪਣੇ ਲੋਕਾਂ ਦਾ ਸੱਭਿਆਚਾਰਕ ਪੱਧਰ ਉੱਚਾ ਚੁੱਕਿਆ ਜਾ ਸਕੇ।

(ਸੱਭਿਆਚਾਰਕ ਸਰਗਰਮੀਆਂ ਬਾਰੇ ਪਹਿਲੀ ਮੀਟਿੰਗ : 11 ਫਰਵਰੀ 1960)

## ਮੁਲਾਕਾਤ

(ਮਹਾਨ ਹੋ-ਚੀ-ਮਿੰਨ੍ਹ ਦੀ ਇਕ ਹਿਰਦੇ-ਵੇਧਕ ਰਚਨਾ)

ਪਤੀ ਸੀਖਾਂ ਪਿਛੇ ਹੈ ਜਕੜਿਆ ਹੋਇਆ
ਪਤਨੀ ਸੀਖਾਂ ਦੇ ਬਾਹਰ ਅੰਦਰ ਵਲ ਨੂੰ ਤਕ ਰਹੀ ਹੈ
ਇਕ ਦੂਜੇ ਦੇ ਇੰਨੀ ਨੇੜੇ, ਕੁਝ ਉਂਗਲਾਂ ਦੀ ਵਿਥ ਨੇ ਅੱਡ ਕੀਤੇ ਨੇ—
ਪਰ ਫਿਰ ਵੀ ਇੰਨੀ ਦੂਰੀ—ਜੀਕਣ ਆਕਾਸ਼ ਤੇ ਸਾਗਰ ਦੀਆਂ ਗਹਿਰਾਈਆਂ
ਸ਼ਬਦ ਜੋ ਗੱਲਾਂ ਆਖ ਨਹੀਂ ਸਕਦੇ, ਉਦਾਸੇ ਨੈਣ ਆਖ ਰਹੇ ਨੇ
ਹਰ ਇਕ ਸ਼ਬਦ ਤੋਂ ਪਹਿਲਾਂ ਉਨ੍ਹਾਂ ਦੇ ਨੈਣ ਉਛਲ ਪੈਂਦੇ ਹੰਝੂਆਂ ਨਾਲ
ਉਨ੍ਹਾਂ ਦੀ ਇਸ ਮਿਲਣੀ ਨੂੰ ਤੱਕ, ਦਿਲ ਉਤੇ ਕਾਬੂ ਰਖ ਕੇ—
ਭਲਾ ਕੌਣ ਇਥੇ ਖੜੋ ਸਕਦਾ ਏ ?......

→

ਨਵਾਂ ਮਨੁੱਖੀ ਗੀਤ ਰਚਾਂਗਾ ।
ਫੇਰ ਮੁੜਾਂਗਾ — ਫੇਰ ਮੁੜਾਂਗਾ ।

ਜ਼ੋਰ ਜਬਰ ਦਾ ਅਤੇ ਕਹਿਰ ਦਾ
ਐਖਾ ਵੇਲਾ ਹੜਿਆ
ਮੇਰਾ ਵੀਅਤਨਾਮ ਹੁਣ ਹੱਸਦੇ
ਫੁੱਲਾਂ ਵਾਂਗਣ ਖਿੜਿਆ
ਮੇਰੇ ਵੀਅਤਨਾਮ ਦੀਆਂ ਧੀਆਂ
ਪੱਛੀ ਚੁੱਕ ਕੇ ਖੜ੍ਹੀਆਂ
ਥੈਕ ਨਿਨਾਹ ਦੇ ਵਾਂਗ ਸੋਹਣੀਆਂ
ਸਭਨੀਂ ਥਾਵੀਂ ਕੁੜੀਆਂ

ਫੇਰ ਪਿਆਰ ਦਾ ਗੀਤ ਗਾਵਾਂਗਾ ।
ਫੇਰ ਮੁੜਾਂਗਾ—ਫੇਰ ਮੁੜਾਂਗਾ ।

ਕੰਮੀ ਰੁੱਝੇ ਹੱਥਾਂ ਉਤੇ
ਫੁੱਲ ਖ਼ੁਸ਼ੀ ਦੇ ਮਹਿਕੇ
ਰੌਣਕ ਅੱਜ ਮਨੁੱਖੀ ਵਿਹੜੇ
ਆਉਣ ਲਈ ਪਈ ਸਹਿਕੇ
ਕੌੜਾ ਜੀਊਂਦਾ ਕੌੜਾ ਪਿਆਰਾ
ਅੱਜ ਮਨੁੱਖੀ-ਵਿਹੜਾ
ਏਸ ਮਨੁੱਖੀ ਮਹਿਫ਼ਲ ਵਿਚੋਂ
ਦੂਰ ਜਾਏਗਾ ਕਿਹੜਾ !

ਜ਼ਿੰਦਗੀ ਨੂੰ ਮੈਂ ਆਖ ਦਿਆਂਗਾ :
ਫੇਰ ਮੁੜਾਂਗਾ—ਫੇਰ ਮੁੜਾਂਗਾ ।

## ਵੀਅਤਨਾਮ !

ਮੋਹਨਜੀਤ (ਭਾਰਤ)

ਔਰਤ ਦੀ ਛਾਤੀ ਦਾ ਦੁੱਧ ਪਵਿੱਤਰ ਹੈ
ਦੇਸ਼ ਲਈ ਮਰਦੇ ਦੀ ਨਜ਼ਰ ਪਵਿੱਤਰ ਹੈ
ਰੋਟੀ ਲਈ ਘੁਲਦੇ ਦੀ ਮੌਤ ਪਵਿੱਤਰ ਹੈ
ਹੱਕ ਲਈ ਲੜਦੇ ਦੀ ਉਮਰ ਪਵਿੱਤਰ ਹੈ

ਐਸੀ ਤੇਰੇ ਲਹੂ ਦੀ ਖ਼ੁਸ਼ਬੋ ਆਈ ਹੈ !

ਐਸੀ ਤੇਰੇ ਲਹੂ ਦੀ ਖ਼ੁਸ਼ਬੋ ਆਈ ਹੈ ।
ਜਿਸ ਵਿਚ ਅਮਨ ਲਈ ਤਰਲਾ ਹੈ
ਪਿਆਰ ਲਈ ਇਕ ਹੌਕਾ
ਭੁੱਖ ਸਾਹਵੇਂ ਵਿਦਰੋਹ ਹੈ
ਜੀਣ ਲਈ ਸੁਪਨਾ ਹੈ ।

ਐਸੀ ਤੇਰੇ ਲਹੂ ਦੀ ਖ਼ੁਸ਼ਬੋ ਆਈ ਹੈ !
ਖ਼ੁਸ਼ਬੋ ਜਿਸ ਵਿਚ ਰੰਗ ਲਮੂੰਬਾ ਦਾ ਹੈ
ਅੰਗੋਲਾ ਦਾ ਰੋਹ
ਭਾਰਤ ਦੀ ਆਵਾਜ਼
ਕਿਊਬਾ ਦੀ ਹਰਕਤ ਹੈ ।

ਐਸੀ ਤੇਰੇ ਲਹੂ ਦੀ ਖ਼ੁਸ਼ਬੋ ਆਈ ਹੈ !
ਜੋ ਕੁਝ ਤੇਰਾ ਆਪਣਾ ਹੈ
ਉਹ ਆਪਣਾ ਹੈ
ਜੋ ਕੁਝ 'ਕਿਸੇ' ਦਾ ਆਪਣਾ ਨਹੀਂ
ਬੰਬਾਂ ਦੀ ਬੁੱਕਲ ਪਾੜ ਕੇ ਬਾਹਰ ਆਏਗਾ ।

ਐਸੀ ਤੇਰੇ ਲਹੂ ਦੀ ਖ਼ੁਸ਼ਬੋ ਆਈ ਹੈ !
ਛਾਤੀਆਂ ਜੇ ਕਟਵਾ ਦੇਵਣਗੇ — ਕੌਣ ਮਰੇਗਾ ?
ਨਜ਼ਰ ਗੁਆ ਦੇਵਣਗੇ — ਕੌਣ ਮਰੇਗਾ ?
ਚਾਰ-ਦੀਵਾਰੀ ਭਰਮ ਹੈ — ਇਕ ਸੁਦਾਅ ਹੈ
ਨਾਪਾਲਮ-ਹੀ ਜਿਸ ਦੀ ਬਸ ਰਚਾ ਹੈ
ਉਹ ਆਪਣਾ "ਕਲ੍ਹ" ਸਾੜ ਕੇ ਬਾਹਰ ਆਏਗਾ ।

ਐਸੀ ਤੇਰੇ ਲਹੂ ਦੀ ਖ਼ੁਸ਼ਬੋ ਆਈ ਹੈ !
ਹਨੋਈ ਜੇ ਤੇਰੀ ਹੈ — ਦਿਲੀ ਮੇਰੀ ਹੈ
ਲਹੂ ਦੀ ਖ਼ੁਸ਼ਬੋ ਤੇਰੀ ਹੈ — ਕਵਿਤਾ ਮੇਰੀ ਹੈ
ਮੇਰੀ ਦਿਲੀ, ਮੇਰੀ ਕਵਿਤਾ
ਹੁਣ ਹਰ ਪਲ ਲਈ ਤੇਰੀ ਹੈ !

ਐਸੀ ਤੇਰੇ ਲਹੂ ਦੀ ਖ਼ੁਸ਼ਬੋ ਆਈ ਹੈ !

## ਜਿੱਤ ਪਿੱਛੋਂ ਘਰ ਵਾਪਸੀ

ਤੋ ਹੂ (ਵੀਅਤਨਾਮ)
ਰੂਪਾਂਤਰ: ਸੁਹੇਲ ਸਿੰਘ (ਭਾਰਤ)

ਦੂਰ ਪਹਾੜੀ ਡੰਡੀ ਵਲੋਂ
ਛੋਹਲੀ ਛੋਹਲੀ ਤੁਰਦੀ ਆਵੇ
ਪਿੰਡ ਵਲ ਇਕ ਮੁਟਿਆਰ
ਮੁਕਤੀ ਮੋਰਚਾ ਜਿੱਤ ਕੇ ਆਈ
ਦਿੱਤੀ ਧਰਤ ਦੀ ਲਿਟ ਸਵਾਰ
ਵੈਰੀ ਆਪਣਾ ਠੱਪਕੇ ਆਈ
ਪਰ ਅਜੇ ਵੀ ਰਫਲ ਤਿਆਰ।

ਕੁੜੀਓ ਨੀ ਆਓ ਕਠੀਆਂ ਹੋਵੋ
ਛੱਡੋ 'ਤੀਤ' ਦਾ ਖੁਸ਼ੀ ਤਿਹਵਾਰ
ਖੁਸ਼ੀਆਂ ਸਾਡੇ ਘਰ ਨੂੰ ਮੁੜੀਆਂ
ਖਿੜੇ ਜੰਗਲੀ ਫੁਲ ਗੁਲਾਬ

ਗੁੰਦੋ ਨੀ ਕੋਈ ਰੰਗ-ਬਰੰਗਾ
ਸ਼ਗਨਾਂ ਵਾਲਾ ਹਾਰ
ਚੁਕੋ ਨੀ ਸਭ ਸੂਹੇ ਸਾਲੂ
ਲੈ ਚਲੋ ਦਰੀਉਂ ਪਾਰ
ਵੇਖੋ ਨੀ ਅੱਜ ਵਿਹੜੇ ਸਾਡੇ
ਨੱਚਦੀ ਸਦਾ ਬਹਾਰ
ਮਾਰੋ ਨੀ ਏਹਨੂੰ ਉਚੀਆਂ ਵਾਜਾਂ

ਬਲਾਓ 'ਹੋ' ਦੀ ਜੈ ਜੈ ਕਾਰ
ਤੱਕੋ ਨੀ ਏਹਦੀ ਚਾਲ ਨਿਰਾਲੀ
ਹੋ ਜਾਓ ਨਦੀਓਂ ਪਾਰ

ਭੱਜੋ ਨੀ ਹੁਣ ਹੋਰ ਨਹੀਂ ਹੁੰਦਾ
'ਬਿੰਨੋ' ਦਾ ਇੰਤਜ਼ਾਰ
ਚੁਕ ਲਓ ਏਹਨੂੰ ਹੱਥਾਂ ਉਪਰ
ਛਾਵਾਂ ਕਰੋ ਹਜਾਰ
ਆਈ ਨੀ ਇਹ ਜਿੱਤਾਂ ਲੈ ਕੇ
ਵਿਹੜੇ ਸਾਡੇ 'ਬਹਾਰ'
ਚੁੰਮੋ ਨੀ ਇਹਦਾ ਚੰਬਲ ਮੱਥਾ
ਘੁਟ ਘੁਟ ਲਾਓ ਨਾਲ

ਦੂਰ ਪਹਾੜੋਂ ਡੰਡੀ ਵਲੋਂ
ਆਈ ਇਕ ਮੁਟਿਆਰ
ਹੱਥ ਵਿਚ ਉਸ ਦੇ ਰਫਲ ਪਠਾਣੀ
ਵਿਚ ਝੋਲੀ ਜਿੱਤਾਂ ਦੇ ਹਾਰ
ਪਿੰਡ ਦੀ ਜਾਈ ਜੰਗ ਚੋਂ ਆਈ
ਜੂਹਾਂ ਤਕ ਮੁਸਕਾਣ।

---

## ਖ਼ੈਮਰ ਰੋਜ਼

-ਕੰਬੋਡੀਆ ਦੇ ਨਾਂ-

ਤਾਲਿਬ ਜਲੰਧਰੀ
(ਪਾਕਿਸਤਾਨ)

ਖੈਮਰ ਰੋਜ਼ ਦੀ ਜਿੱਤ ਅਨੋਖੀ, ਚੜ੍ਹਿਆਂ ਸੁਰਖ ਸਤਾਰਾ
ਸੋਸ਼ਲਿਜ਼ਮ ਦਾ ਨੂਰ ਲਿਸ਼ਕਿਆ, ਜੀਵਨ ਦਾ ਲਿਸ਼ਕਾਰਾ

ਨਵੇਂ ਪੁਰਾਣੇ ਸਾਮਰਾਜ ਨੇ, ਸੌ ਸੌ ਲਾਇਆ ਚਾਰਾ
ਸਮੇਂ ਦੇ ਮੁਰਖ ਮੋੜ ਨਾ ਸੱਕੇ, ਕਮਿਊਨਿਜ਼ਮ ਦਾ ਧਾਰਾ

ਸੁਰਖ ਸਵੇਰਾ ਰੋਕੇ ਕਿਹੜਾ, ਐਟਮ ਦਾ ਅੰਧਕਾਰਾ
ਕਿਥੇ ਜ਼ਹਿਰੀ ਬੰਬ ਤਿਆਰੇ, ਕਿਥੇ ਲਸ਼ਕਰ ਭਾਰਾ

ਪੰਜਾਂ ਵਰ੍ਹਿਆਂ ਦੇ ਵਿਚ ਪਾਇਆ, ਵੈਰੀ ਤੋਂ ਛੁਟਕਾਰਾ
ਤੀਜੀ ਦੁਨੀਆਂ ਹੱਸ ਪਈ ਏ, ਹੱਸ ਪਿਆ ਜਗ ਸਾਰਾ
ਖੈਮਰ ਰੋਜ਼ ਦੀ ਜਿੱਤ ਅਨੋਖੀ, ਚੜ੍ਹਿਆ ਸੁਰਖ ਸਤਾਰਾ

---

## ਜਿੱਤ ਵੀਅਤਨਾਮ ਦੀ

'ਸੂਫ਼ੀ' ਅਮਰਜੀਤ 'ਬੱਸੀਆਂ'
(ਕੈਨੇਡਾ)

ਜਿੱਤ ਵੀਅਤਨਾਮ ਦੀ ਇਹ, ਜਿੱਤ ਵੀਅਤਕਾਂਗ ਦੀ ਇਹ
ਜਿੱਤ ਸੰਸਾਰ ਦੀ ਇਹ ਜੂਝਦੇ ਵਿਚਾਰ ਦੀ ਏ
ਠਰਿਆਂ ਨੂੰ ਨਿੱਘ ਦੇਵੇ ਤੱਤਿਆਂ ਨੂੰ ਠਰ ਦੀ ਏ
ਜਿੱਤ ਸੰਸਾਰ ਦੇ ਇਹ ਖਾੜਕੂ ਅਵਾਮ ਦੀ ਏ
ਜਿੱਤ ਸੰਸਾਰ ਦੀ ਇਹ, ਜਿੱਤ ਵੀਅਤਨਾਮ ਦੀ ਏ।

ਕੂੜ ਉੱਤੇ ਜਿੱਤ ਹੈ ਇਹ ਸੱਚ ਦੇ ਛਾ ਜਾਣ ਦੀ
ਜਿੱਤ ਇਹ ਸਵੇਰਿਆਂ ਦੇ ਨ੍ਹੇਰਿਆਂ ਨੂੰ ਖਾਣ ਦੀ
ਹਾਰ ਹੈ ਇਹ ਕਾਤਲਾਂ ਦੀ ਜਿੱਤ ਇਨਸਾਨ ਦੀ
ਜਿੱਤ ਹੈ ਇਹ ਕਾਮਿਆਂ ਦੀ ਹਾਰ ਧਨਵਾਨ ਦੀ
ਜਿੱਤ ਵੀਅਤਨਾਮ ਦੀ ਇਹ, ਜਿੱਤ ਵੀਤਕਾਂਗ ਦੀ।

ਜਿੱਤ ਇਹ ਸੰਦੇਸ਼ ਦੇਵੇ ਖੀਵਿਆਂ ਨੂੰ ਪਾਣ ਦੇਵੇ
ਵੈਰੀਆਂ ਤੇ ਮਿੱਤਰਾਂ ਨੂੰ ਵੱਖੋ ਵੱਖ ਛਾਣ ਦੇਵੇ
ਧਾੜਾਂ ਤਾਈਂ ਤੋੜ ਦੇਵੇ, ਘੁੱਗੀਆਂ ਨੂੰ ਗਾਣ ਦੇਵੇ
ਸਦੀ ਹੁਣ ਪੁੱਗ ਚੁੱਕੀ ਲੋਕਾਂ ਨੂੰ ਦਬਾਣ ਦੀ
ਏਕਤਾ ਦੀ ਲੋੜ ਬੜੀ ਕਾਮੇ ਤੇ ਕਿਸਾਨ ਦੀ
ਦੇਵੇ ਇਹ ਸੰਦੇਸ਼ ਸਾਨੂੰ, ਜਿੱਤ ਵੀਅਤਨਾਮ ਦੀ।

ਆਖਦੀ ਇਹ ਜਿੱਤ ਸਾਨੂੰ 'ਲੋਕ ਹੀ ਮਹਾਨ ਨੇ'
ਹਿੰਦੂ ਜਾਂ ਈਸਾਈ, ਸਿੱਖ, ਭਾਵੇਂ ਮੁਸਲਮਾਨ ਨੇ
ਵੰਡਦੇ ਜੋ ਲੋਕਤਾ ਨੂੰ ਓਹੀਓ ਬੇ-ਈਮਾਨ ਨੇ
'ਕੱਲੇ ਹਥਿਆਰ ਵੀ ਵਿਅਰਥ ਦਾ ਸਮਾਨ ਨੇ
ਲੋਕਾਂ ਨਾਲ ਹੁੰਦੇ ਜੇ ਨਹੀਂ, ਪੂਰੇ ਇਕ ਜਾਨ ਨੇ'
ਉਹੀ ਸੂਹੀ ਗੱਲ ਇਹ ਫਲਸਫੇ ਮਹਾਨ ਦੀ
ਆਖਦੀ ਇਹ ਜਿੱਤ ਸਾਨੂੰ ਲਾਲ ਵੀਅਤਨਾਮ ਦੀ
ਜਿੱਤ ਸੰਸਾਰ ਦੀ ਇਹ ਜੂਝਦੇ ਅਵਾਮ ਦੀ।

# ਉਹ ਵੀ ਦਿਨ ਸਨ

– ਤਾ ਸ਼ੀ ਖੀਊ –

"ਜਦੋਂ ਮੈਂ ਖਿਊ ਦੀ ਜੇਲ੍ਹ ਛੱਡੀ ਮੈਂ ਏਨੀ ਬਦਸੂਰਤ ਹੋ ਚੁਕੀ ਸੀ ਜਿਵੇਂ ਜ਼ੋਰਦਾਰ ਹਨੇਰੀ ਨਾਲ ਡਿਗ ਕੇ ਗਿਰੀ ਦਾ ਖੋਪਾ ਹੋ ਜਾਂਦਾ ਹੈ।" ਮੈਨੂੰ ਨਗੁਐਨ ਥਾਈ ਵੂਕ ਨੇ ਦਸਿਆ।

"ਓਸ ਸਵੇਰੇ", ਉਹ ਅੱਗੇ ਬੋਲੀ "ਜਿਉਂ ਹੀ ਸੂਰਜ ਦੀ ਪਹਿਲੀ ਕਿਰਨ ਮੇਰੇ ਕਮਰੇ ਦੀ ਛੋਟੀ ਬਾਰੀ 'ਚੋਂ ਅੰਦਰ ਆਈ, ਇਕ ਸੰਤਰੀ ਨੇ ਖਾੜ ਕਰਕੇ ਦਰਵਾਜ਼ਾ ਖੋਲ੍ਹਿਆ ਅਤੇ ਮੇਰੇ ਵਲ ਉਂਗਲ ਨਾਲ ਇਸ਼ਾਰਾ ਕੀਤਾ।"

"ਨੀ ! ਛੋਟੀਏ ਕੁੜੀਏ, ਤੂੰ ਹੁਣ ਆਜ਼ਾਦ ਏਂ।" ਉਸ ਨੇ ਕਿਹਾ। ਮੇਰਿਆਂ ਕੰਨਾਂ ਨੇ ਯਕੀਨ ਨਾ ਕੀਤਾ, ਮੈਂ ਉਸਨੂੰ ਪੁਛਿਆ : ਕੀ ਆਖਿਆ ?"

ਉਸ ਨੇ ਮੇਰੇ ਵਲ ਗੁਸੇ ਨਾਲ ਵੇਖਿਆ। "ਕੱਤੀ ਕਿਤਿਓਂ ਦੀ ! ਜਾ ਤੇ ਆਪਣਾ ਆਹਾਰ ਕਰ ਅਤੇ ਆਪਣੇ ਪਿਉ ਅਤੇ ਚਾਚੇ ਦੇ ਪਦ-ਚਿੰਨ੍ਹਾਂ ਤੇ ਚਲ ਕੇ ਕਮਿਊਨਿਸਟ ਬਣ ਜਾ। ਵੇਖਾਂਗੇ ਇਕ ਟਿੱਡਾ, ਹਾਥੀ ਨੂੰ ਕਿਵੇਂ ਖਤਮ ਕਰ ਸਕਦਾ ਹੈ ? ਤੂੰ ਵੀ ਇਕ ਦਿਨ ਸਿਰ ਕਟਾ ਬੈਠੇਂਗੀ। ਜੇ ਤੂੰ ਕੋਈ ਪਰਵਾਹ ਨਾ ਕੀਤੀ।"

ਮੇਰਾ ਖੂਨ ਖੌਲ ਪਿਆ। ਜੇਕਰ ਕੋਈ ਹੋਰ ਵੇਲਾ ਹੁੰਦਾ ਮੈਂ ਅਜਿਹੀ ਬੇਇਜ਼ਤੀ ਕਦੇ ਨਾ ਸਹਾਰਦੀ। ਪਰ ਮੈਂ ਆਪਣੇ ਆਪ ਉਤੇ ਕਾਬੂ ਪਾ ਲਿਆ। ਜਦੋਂ ਮੈਂ ਆਪਣਿਆਂ ਕਪੜਿਆਂ ਦੀ ਛੋਟੀ ਜਿਹੀ ਗਠੜੀ ਫੜਕੇ ਬੂ-ਕੋਟ ਦੀ ਜਿਹਲ ਦੇ ਕਾਲੇ ਲੋਹੇ ਦੇ ਗੇਟ ਵਲ ਨੂੰ ਚੱਲ ਪਈ ਤਾਂ ਸੰਤਰੀ ਅਜੇ ਵੀ ਭੌਂਕੀ ਜਾ ਰਿਹਾ ਸੀ :

"ਦੱਬ ਕੇ ਮਿਹਨਤ ਕਰ ਅਤੇ ਹੋਰ ਲੋਕਾਂ ਵਾਂਗ ਰੋਜ਼ੀ ਕਮਾ। ਐਵੇਂ ਭਟਕਣਾਂ 'ਚ ਨਾ ਪਈਂ, ਇਹ ਤੇਰੀ ਮੌਤ ਦਾ ਕਾਰਨ ਬਣ ਸਕਦਾ ਏ।"

ਮੈਂ ਸੋਚਾਂ ਦੇ ਸਮੁੰਦਰ 'ਚ ਡੁਬੀ ਹੋਈ ਸੀ. ਮੈਂ ਆਪੇ ਕੋਲੋਂ ਹੀ ਅਨੇਕਾਂ ਸਵਾਲ ਪੁਛੇ : ਮੇਰੇ ਤਿੰਨਾਂ ਭਰਾਵਾਂ ਅਤੇ ਭੈਣਾਂ ਦਾ ਬੀਤੇ ਛੇਆਂ ਮਹੀਨਿਆਂ ਵਿਚ ਪਤਾ ਨਹੀਂ ਕੀ ਹਸ਼ਰ ਹੋਇਆ ਹੋਵੇਗਾ। ਮੇਰੇ ਪਿੰਡ ਦੇ ਲੋਕਾਂ ਦਾ [illegible] ਬਣਿਆ ਹੋਵੇਗਾ—ਸੱਚ ਮੁਚ ਹੀ ਇਹ ਅੰਨ੍ਹਾ ਤਸ਼ੱਦਦ ਸੀ। ਮੇਰੇ ਚਾਚੇ ਅਤੇ ਪਿਤਾ ਨਾਲ ਅਤੀ ਘਟੀਆ ਕਿਸਮ ਦਾ ਵਰਤਾ ਕੀਤਾ ਗਿਆ ਸੀ। ਮੇਰਾ ਭਰਾ ਅਤੇ ਭੈਣਾਂ ਬਹੁਤ ਰੋ ਰਹੇ ਸਨ। ਉਹ ਆਪਣੇ ਪਿਆਰੇ ਚਾਚੇ ਅਤੇ ਪਿਤਾ ਨੂੰ ਬਚਾਉਣ ਲਈ ਸਿਪਾਹੀਆਂ ਦੀਆਂ ਬਾਹਵਾਂ ਨਾਲ ਚੰਬੜ ਰਹੇ ਸਨ। ਸੱਚ-ਮੁਚ ਹੀ ਇਹ ਬੜਾ ਡਰਾਉਣਾ ਦ੍ਰਿਸ਼ ਸੀ। ਮੈਂ ਜਿਵੇਂ ਆਪਣੇ ਭਰਾ ਅਤੇ ਭੈਣਾਂ ਨੂੰ, "ਭਾਪਾ, ਭਾਪਾ ! ਭੈਣ, ਭੈਣ, ਵਿਚਾਰੀ ਭੂਕ" ਕਹਿੰਦਿਆਂ ਅਜੇ ਵੀ ਸੁਣ ਰਹੀ ਹਾਂ।

ਆਪਣੀ ਜੇਲ੍ਹ ਦੀ ਕੋਠੜੀ ਵਿਚ, ਤਸ਼ੱਦਦ ਦੇ ਦੌਰ ਤੋਂ ਬਾਅਦ, ਜਦੋਂ ਮੈਂ ਆਪੇ 'ਚ ਆਉਂਦੀ ਤਾਂ ਮੈਂ ਆਪਣੇ ਭਰਾ ਅਤੇ ਭੈਣਾਂ ਦੀਆਂ ਚੀਕਾਂ ਸੁਣਦੀ। ਮੇਰਾ ਚਾਚਾ, ਜਿਸ ਦੇ ਪੇਟ ਨੂੰ ਚੀਰਾ ਦਿਤਾ ਗਿਆ ਸੀ ਅਤੇ ਕੰਨ ਕੱਟ ਦਿਤਾ ਗਿਆ ਅਤੇ ਅਜੇ ਵੀ ਉਹ ਹਤਿਆਰਿਆਂ ਨੂੰ ਕਰਾਰੀਆਂ ਸੁਣਾ ਰਿਹਾ ਸੀ। ਇਹ ਯਾਦ ਮੇਰੇ ਇਰਾਦੇ ਨੂੰ ਇਹ ਨੀਚ ਅਤੇ ਪਸ਼ੂਪੁਣੇ ਵਾਲੇ ਜ਼ੁਲਮ ਸਹਿਣ ਲਈ ਮਜ਼ਬੂਤ ਕਰਦੀ ਰਹੀ।

ਮੈਨੂੰ ਅਜੇ ਵੀ ਉਸ ਦੇ ਸ਼ਬਦ ਯਾਦ ਹਨ : "ਚੰਗਾ ਜੀਵਨ ਜੀਉਣ ਲਈ ਸਾਨੂੰ ਜਦੋਜਹਿਦ ਕਰਨੀ ਪਏਗੀ। ਅਮਰੀਕੀ ਹਮਲਾਵਰਾਂ ਅਤੇ ਦੇਸ-ਧ੍ਰੋਹੀਆਂ ਦੇ ਰਾਜ ਵਿਚ ਨਾਰੀਅਲ ਦਾ ਰੁਖ ਅਤੇ ਲਾਲ ਚੰਬੇਲੀ ਨਹੀਂ ਉਗ ਸਕਦੀ।"

ਮੈਂ ਆਪਣੇ ਪਿੰਡ ਵਿਚ ਜੋ ਵੇਖਿਆ ਉਹ ਸਦਾ ਹੀ ਮੇਰਾ ਹਿਰਦਾ ਚੀਰ ਸੁਟਦਾ ਹੈ। ਇਹ ਪਿੰਡ ਸਦਾ ਹੀ ਨਾਰੀਅਲ ਦੇ ਰੁਖਾਂ ਦਾ ਘਰ ਰਿਹਾ ਸੀ, ਇਹ ਸਦਾ ਸਾਡੇ ਲਈ ਮਹੱਤਵਸ਼ਾਲੀ ਆਮਦਨ ਦਾ ਸੋਮਾ ਰਹੇ ਸਨ। ਉਹ ਸਾਰੇ ਛਾਂਗ ਦਿਤੇ ਗਏ ਸਨ। ਹੁਣ ਮੈਂ ਇਨਾਂਨੂੰ ਇਸ ਰੁੰਡ ਮਰੁੰਡ ਹਾਲਤ 'ਚ ਵੇਖਕੇ ਰੋ ਪਈ ਅਤੇ ਮੈਂ ਆਪਣੇ ਪਿਤਾ ਅਤੇ ਚਾਚੇ ਵਾਲੇ ਰਾਹ 'ਤੇ ਚਲਣ ਦਾ ਮਨ ਬਣਾ ਲਿਆ, ਇਨਕਲਾਬ ਦਾ ਰਾਹ ਅਖਤਿਆਰ ਕਰ ਲਿਆ ਤੇ ਮੁਕਤੀ ਫੌਜ ਵਿਚ ਸ਼ਾਮਲ ਹੋ ਗਈ। ਮੇਰੇ ਸਾਥੀਆਂ ਨੇ ਮੈਨੂੰ ਖੂਬ ਲਾਡ ਦਿਤਾ। ਉਹ ਸਾਰੇ ਮੇਰੀ ਕਮਜ਼ੋਰ ਸਿਹਤ ਬਾਰੇ ਫਿਕਰਮੰਦ ਸਨ।

"ਮੈਂ ਕਮਜ਼ੋਰ ਹਾਂ ਪਰ ਮੈਂ ਆਪਣਾ ਰਸਤਾ ਇਸ ਇਲਾਕੇ 'ਚ ਜਾਣਦੀ ਹਾਂ, ਸੋ ਮੈਨੂੰ ਦੂਤ (ਹਰਕਾਰਾ) ਰਖ ਲਓ।"

ਉਸ ਸਮੇਂ ਤੋਂ ਉਹ ਲੋਕ ਮੈਨੂੰ ਬਹੁਤ ਪਿਆਰ ਕਰਨ ਲਗ ਪਏ। ਇਥੋਂ ਤਕ ਕਿ "ਉਦਾਸ" ਪਰਵਾਰ ਜਾਂ ਜਿੰਨਾਂ ਦੇ ਰਿਸ਼ਤੇਦਾਰ ਸਾਇਗੋਨ ਫੌਜ ਵਿਚ ਵੀ ਹੁੰਦੇ—ਮੈਨੂੰ ਮਿਲਣ ਵਿਚ ਕੋਈ ਝਿਜਕ ਨਾ ਮਹਿਸੂਸ ਕਰਦੇ। ਮੈਨੂੰ ਉਹਨਾਂ ਲੋਕਾਂ ਨੂੰ ਸੇਧ ਦੇਣ ਦਾ ਮੌਕਾ ਮਿਲ ਗਿਆ, ਜਿਹੜੇ ਵੈਰੀ ਦੀਆਂ ਕੁਚਾਲਾਂ ਦਾ ਸ਼ਿਕਾਰ ਸਨ। ਇਕ ਵਾਰ ਮੈਂ ਇਕਛੋਟੇਜੇਹੇਪਿੰਡ'ਚ ਗਈ ਅਤੇ ਸ੍ਰੀਮਤੀ ਤ੍ਰਾ ਨੂੰ ਮਿਲੀ। ਉਹ ਇਕ ਚੰਗੇ ਸੁਭਾ ਦੀ ਜੁਆਨ ਔਰਤ ਸੀ ਪਰ ਇਨਕਲਾਬੀਆਂ ਨਾਲ ਸਬੰਧ ਰੱਖਣ ਤੋਂ ਡਰਦੀ ਸੀ। ਬਹੁਤ ਵਾਰ ਉਸ ਨੇ ਸਾਡੇ ਮੁਜਾਹਿਦਾਂ ਨੂੰ ਸਹਾਰਾ ਦੇਣੋਂ ਨਾਂਹ ਕੀਤੀ ਸੀ। ਪਰ ਉਸ ਨੇ ਦੇਸ-ਧਰੋਹੀਆਂ ਨੂੰ ਕੋਈ ਖਬਰ ਨਹੀਂ ਕੀਤੀ, ਇਸ ਦਾ ਮਤਲਬ ਸੀ ਕਿ ਉਹ ਪੂਰਨ ਤੌਰ ਤੇ ਸਾਡੇ ਵਿਰੁਧ ਨਹੀਂ ਸੀ। ਦੂਰੋਂ ਹੀ ਮੈਂ ਉਸ ਵਲ ਮੁਸਕਰਾਹਟ ਸੁਟੀ. ਪਰ ਜਿਵੇਂ ਉਹ ਸਾਡੇ ਹੋਰ ਸਾਥੀਆਂ ਨਾਲ ਚੁਪ ਗੜੱਪ ਰਹੀ ਸੀ ਇਵੇਂ ਹੀ ਮੇਰੇ ਨਾਲ ਹੋਇਆ। ਮੈਂ ਅੱਗ ਕੋਲ ਬਹਿ ਗਈ ਤੇ ਚੁਪ ਤੋੜਨ ਦੀ ਕੋਸ਼ਿਸ਼ ਕੀਤੀ।

"ਮੈਂ ਆਪਣੇ ਲੋਕਾਂ ਦੇ ਪਾਸੇ ਹਾਂ। ਮੈਂ ਤੁਹਾਡੀ ਮਦਦ ਲੈਣ ਲਈ ਆਈ ਹਾਂ। ਮੇਰੇ ਵਲ ਵੇਖ—ਤੇਰੀ ਛੋਟੀ ਭੈਣ ਜਿਸ ਆਦਮੀ ਨਾਲ ਵਿਆਹੀ ਸੀ, ਉਹ ਜੀਉਂਦਾ ਹੈ, ਮੈਂ ਉਸ ਨੂੰ ਮਾਈ ਥਾਨ ਵਿਖੇ ਵੇਖਿਆ ਸੀ।"

ਤ੍ਰਾ ਚੁਪ ਰਹੀ। ਉਹ ਅੱਗ ਦੀਆਂ ਲਾਟਾਂ ਵਲ ਟਿਕਟਿਕੀ ਲਾ ਕੇ ਵੇਖਦੀ ਰਹੀ। "ਇਥੇ ਕਿਵੇਂ ਗੁਜ਼ਰ ਰਹੀ ਹੈ ?" ਮੈਂ ਬਿਨਾਂ ਉਤਰ ਦੀ ਉਡੀਕ ਦੇ ਅੱਗੇ ਬੋਲ ਪਈ।

ਲੰਬੀ ਚੁਪ ਤੋਂ ਬਾਅਦ ਉਹ ਬੋਲੀ; "ਬਹੁਤ ਮੁਸ਼ਕਲ ਹੈ ਨਿੱਕੀਏ ਭੈਣੇ ! ਖਾਸ ਕਰਕੇ ਐਸੇ ਵਕਤ ਜਦੋਂ ਚੌਲ ਮੋਤੀਆਂ ਜਿੰਨੇ ਮਹਿੰਗੇ ਨੇ ਅਤੇ ਬਾਲਣ ਲਈ ਲੱਕੜੀ ਦਾਲਚੀਨੀ ਦੇ ਛਿਲਕੇ ਜਿੰਨੀ ਮੁਸ਼ਕਲ ਨਾਲ ਮਿਲਦੀ ਹੈ।"

ਉਹਨਾਂਦਾਮੈਨੂੰ ਛੋਟੀ ਭੈਣ ਕਹਿਣਾ, ਮੇਰੇ ਲਈ ਖੁਸ਼ੀਆਂ ਦਾ ਢੇਰ [illegible]। ਕਿੰਨਾ ਚਿਰ ਹੋ ਗਿਆ ਸੀ ਇਸ ਤਰ੍ਹਾਂ ਦੇ ਪਰਵਾਰਕ ਵਾਤਾਵਰਣ ਵਿਚ ਬੈਠਿਆਂ।

"ਕੀ ਤੇਰੇ ਪਿਤਾ 9 ਸਾਲ ਦੀ ਲੜਾਈ ਤੋਂ ਪਿਛੋਂ ਫਿਰ ਉਤਰ ਵਿਚ ਟਿਕ ਗਏ ਸਨ ?" ਮੈਂ ਪੁਛਿਆ।

"ਉਹਨਾਂ ਵਲੋਂ ਉਦੋਂ ਤੋਂ ਕੋਈਪਤਾ

ਨਹੀਂ ਸਮਝਿਆ ਉਸ ਨੇ ਨਿਰਾਸ਼ਤਾ ਭਰਿਆ ਉਤਰ ਦਿਤਾ। "ਜਦੋਂ ਮੈਂ ਨਿਆਣੀ ਹੁੰਦੀ ਸੀ ਉਹ ਮੈਨੂੰ ਬਹੁਤ ਲਾਡ ਕਰਦਾ ਸੀ।

"ਤੈਨੂੰ ਉਸ ਤੋਂ ਚਿੱਠੀ ਪਤਰ ਦੀ ਆਸ ਏ?"

"ਮੈਂ ਕੀ ਕਰ ਸਕਦੀ ਤਾਂ ਉਹ ਤਾਂ ਬਹੁਤ ਦੂਰ ਨੇ" ਅਤੇ ਉਸ ਨੇ ਆਵਾਜ਼ ਧੀਮੀਂ ਕਰ ਲਈ : "ਇਸ ਤੋਂ ਬਿਨਾਂ ਜੇ ਉਹਨਾਂ ਨੂੰ ਮੇਰਾ ਪਤਾ ਲਗ ਗਿਆ ਤਾਂ ਮੈਨੂੰ ਕੁਤਿਆਂ ਵਾਲੀ ਜ਼ਿੰਦਗੀ ਗੁਜ਼ਾਰਨ ਨੂੰ ਮਜ਼ਬੂਰ ਕਰ ਦੇਣਗੇ।" ਉਸ ਨੂੰ ਪਿੱਠੂ ਬਦਮਾਸ਼ ਫੌਜੀਆਂ ਤੋਂ ਡਰ ਆਉਂਦਾ ਸੀ।

ਇਸ ਤਰਾਂ ਮੈਂ ਇਸ ਵਿਚਾਰੀ ਔਰਤ ਦੇ ਦਿਲ ਵਿਚ ਉਹਨਾਂ ਵਾਸਤੇ ਪਿਆਰ ਮੁੜ ਜਗਾ ਦਿਤਾ ਜਿਹੜੇ 18 ਵਰ੍ਹਿਆਂ ਦੇ ਉਸ ਤੋਂ ਵਿਛੜੇ ਹੋਏ ਸਨ। ਉਦ ਤੋਂ ਲੈ ਕੇ ਉਸ ਦਾ ਘਰ ਸਾਡੇ ਦੁਸ਼ਮਣ ਦੇ ਰਾਖਵੇਂ ਇਲਾਕੇ ਵਿਚ ਸਾਡਾ ਠੋਸ ਇਨਕਲਾਬੀ ਅੱਡਾ ਬਣ ਗਿਆ।

ਮੈਂ ਇਕ ਕਾਰਵਾਈ ਲਈ ਜ਼ਰੂਰੀ ਤਿਆਰੀਆਂ ਕਰਨੀਆਂ ਅਰੰਭ ਦਿਤੀਆਂ ਤੇ ਇਸ ਸਮੇਂ ਪਿਛਲੇ ਸਾਲ ਦੇ ਮੇਰੇ ਬਿਨਤਰਾਈ ਵਿਚਲੇ ਕੀਮਤੀ ਤਜ਼ਰਬੇ ਨੇ ਮੇਰਾ ਬੜਾ ਸਾਥ ਦਿਤਾ।

ਜਿਸ ਦਸਤੇ ਨਾਲ ਮੇਰਾ ਸਬੰਧ ਸੀ, ਉਸ ਵਿਚ ਚਾਰ ਲੜਾਕੇ ਸਨ ਜਿਨਾਂ ਵਿਚੋਂ ਇਕੱਲੀ ਮੈਂ ਹੀ ਇਕੋ ਇਕ ਔਰਤ ਸੀ। ਮੁਕੰਮਲ ਗੁਪਤਗੀ ਰੱਖਣ ਵਾਸਤੇ ਸਾਨੂੰ ਪਾਣੀ ਨਾਲ ਭਰਿਆ ਇਕ ਕਾਫੀ ਚੌੜਾ ਖਿਤਾ ਲੰਘਣਾ ਪੈਣਾ ਸੀ। ਸਾਡੇ ਸਕਾਊਟ, ਵੂਈ ਨੇ ਮੇਰੇ ਵਲ ਵੇਖ ਕੇ ਕਿਹਾ, "ਬੜਾ ਔਖਾ ਕੰਮ ਹੈ।" ਕਾਫੀ ਸੋਚ ਵਿਚਾਰ ਪਿਛੋਂ ਅਸੀਂ ਫੈਸਲਾ ਤਾਂ ਕਰ ਲਿਆ ਕਿ ਹਮਲਾ ਕਰਨ ਦੀ ਸਕੀਮ ਚਲਣੀ ਹੀ ਚਾਹੀਦੀ ਹੈ ਪਰ ਉਹਨਾਂ ਮੈਨੂੰ ਪਿਛੇ ਹੀ ਰਹਿਣ ਲਈ ਕਿਹਾ।

"ਲੜਾਈ 'ਚ ਮੈਂ ਕਿਉਂ ਨਹੀਂ ਜਾ ਸਕਦੀ?" ਮੈਂ ਗੁਸੇ ਨਾਲ ਆਪਣੇ ਟੀਮ ਲੀਡਰ ਨੂੰ ਪੁਛਿਆ। "ਤੂੰ ਜ਼ਰੂਰ ਜਾਵੇਂਗੀ। ਤੂੰ ਰਾਖਵੀਂ ਫੌਜ 'ਚ ਏ।" ਉਸ ਨੇ ਦਿਲਾਸਾ ਦਿਤਾ।

ਮੈਂ ਗੁਸੇ 'ਚ ਭਬੂਕਾ ਹੋ ਗਈ, "ਤੀਵੀਆਂ ਨੂੰ ਇਸ ਤਰਾਂ ਨਾ ਸਮਝੋ। ਮੈਂ ਸਭ ਕੁਝ ਕਰ ਸਕਨੀ ਆਂ।"

"ਸਾਨੂੰ ਪਾਣੀ ਦਾ ਇਹ ਛੱਪੜ ਪਾਰ ਕਰਨਾ ਪਵੇਗਾ, ਤੂੰ ਕਰ ਲਵੇਂਗੀ?"

"ਕਿਉਂ ਨਹੀਂ," ਮੈਂ ਕਿਹਾ।

ਇਹ ਜਵਾਬ ਦੇ ਕੇ ਸਭ ਤੋਂ ਪਹਿਲਾਂ, ਆਪਣੀ ਰਾਈਫਲ ਲੈ ਕੇ ਪਾਣੀ 'ਚ ਉਤਰਨ ਵਾਲੀ ਮੈਂ ਸਾਂ। ਮੈਂ ਜਾਣਦੀ ਸੀ ਕਿ ਉਹਨਾਂ ਦਾ ਸਿਰਫ ਖਿਆਲ ਹੀ ਹੈ ਪਰ ਮੈਂ ਆਪਣਾ ਹਿੱਸਾ [illegible] ਪਾਉਣਾ [illegible] ਦੁਸ਼ਮਣ ਦੇ ਟਿਕਾਣਿਆਂ 'ਚ [illegible]। ਪਰ ਇਕ ਹੋਰ ਮੁਸ਼ਕਲ ਉਠ ਖੜੀ ਹੋਈ। ਵੂਈ ਮਾਰਿਆ ਗਿਆ। ਉਸ ਦੀ ਲਾਸ਼ ਚੁਕ ਕੇ ਅਸੀਂ ਦੁਸ਼ਮਣ ਉਤੇ ਹੈਂਡਗਰਨੇਡਾਂ ਟਾਮੀ ਗੰਨਾਂ ਤੇ ਹੋਰ ਛੋਟੇ ਹਥਿਆਰਾਂ ਨਾਲ ਹਮਲਾ ਕਰ ਦਿਤਾ। ਅਸੀਂ ਇਕੋ ਵੇਲੇ ਚਾਰ ਪੁਜੀਸ਼ਨਾਂ ਲੈ ਲਈਆਂ। ਦੁਸ਼ਮਣ ਦੇ 12 ਜ਼ਿੰਦਾ ਸਿਪਾਹੀਆਂ ਨੇ ਬਹੁਤਾ ਮੁਕਾਬਲਾ ਨਾ ਕੀਤਾ। ਆਪਣੇ ਕਮਾਂਡਰਾਂ ਨੂੰ ਮਰੇ ਵੇਖਕੇ ਸਾਰੇ ਪਿੱਠੂ ਗਾਰਡ ਮੂਹਰੋ ਮੂਹਰੇ ਭੱਜ ਤੁਰੇ।

ਉਦੋਂ ਤੋਂ ਲੈ ਕੇ ਮੇਰੇ ਸਾਥੀਆਂ ਦੀ ਮੇਰੇ ਬਾਰੇ ਸਮਝ ਉੱਕੀ ਬਦਲ ਗਈ।

ਮਾਈ ਤਾਈ ਨਾਂ ਦੇ ਜੰਗੀ ਤੌਰ ਤੇ ਮਹੱਤਵਪੂਰਨ ਕਸਬੇ 'ਤੇ ਸਾਡੇ ਹਮਲੇ ਤੋਂ ਪਿਛੋਂ ਦੁਸ਼ਮਣ ਦੇ ਬਹੁਤ ਸਾਰੇ ਪਿੱਠੂਆਂ ਦਾ ਸਫਾਇਆ ਕਰ ਦਿਤਾ ਗਿਆ। ਸਾਡੇ ਅੱਡਿਆਂ ਵਿਚ ਹੁਣ ਸਰਗਰਮੀਆਂ ਕਾਰਨ ਕਾਫੀ ਚਹਿਲ ਪਹਿਲ ਹੋਣ ਲੱਗ ਪਈ, ਲੋਕਾਂ ਦਾ ਇਨਕਲਾਬੀ ਜੋਸ਼ ਵਧਣ ਲਗ ਪਿਆ। ਦੁਸ਼ਮਣ ਦੇ ਪਿਛਵਾੜੇ ਕਾਰੀਆਂ ਸੱਟਾਂ ਮਾਰਨ ਵਾਸਤੇ ਰਸਤਾ ਤਿਆਰ ਕਰਨ ਲਈ ਅਸੀਂ ਫੂ-ਮਾਈ ਦੇ ਪੁਲਸ ਇਲਾਕੇ 'ਤੇ ਕਬਜ਼ਾ ਕਰਨ ਦੀ ਇਕ ਸਕੀਮ ਤਿਆਰ ਕੀਤੀ। ਕਿਉਂਕਿ ਫੂ-ਮਾਈ ਮੇਰਾ ਜਨਮ ਸਥਾਨ ਸੀ, ਇਸ ਇਲਾਕੇ ਦੀ ਜਾਸੂਸੀ ਕਰਕੇ ਦੁਸ਼ਮਣ ਦੀ ਪੁਜੀਸ਼ਨ ਬਾਰੇ ਜਾਣਕਾਰੀ ਇਕੱਤਰ ਕਰਨ ਦਾ ਕੰਮ ਜੋ ਮੇਰੇ ਜ਼ੁੰਮੇ ਲਾਇਆ ਗਿਆ, ਮੈਂ ਹੱਸ ਕੇ ਇਹ ਆਪਣੇ ਸਿਰ ਲੈ ਲਿਆ।

ਦੁਸ਼ਮਣ ਦੀ ਹਾਲਤ ਬਾਰੇ ਪੂਰਾ ਪਤਾ ਲਾਉਣ ਵਾਸਤੇ [illegible] ਤੂ ਤੋਂ ਕਪੜੇ ਉਧਾਰੇ ਲਏ ਅਤੇ ਇਕ ਦਰਜ਼ੀ ਦੀ ਦੁਕਾਨ 'ਤੇ ਬਟਨ ਲਾਉਣ ਦਾ ਕੰਮ ਲੈਣ ਦਾ ਪ੍ਰਬੰਧ ਕਰ ਲਿਆ। ਇਹ ਦੁਕਾਨ ਬਜ਼ਾਰ ਦੇ ਵਿਚ ਸੀ। ਪਿੱਠੂ ਸਰਕਾਰ ਦੇ ਪੁਲਸੀਏ ਆਮ ਤੌਰ ਤੇ ਉਥੇ ਆਉਂਦੇ ਅਤੇ ਵਰਦੀਆਂ ਦੀ ਮੁਰੰਮਤ ਕਰਵਾਉਂਦੇ ਰਹਿੰਦੇ। ਇਕ ਦਿਨ ਮੈਂ ਉਹਨਾਂ 'ਚੋਂ ਕੁਝ ਦੀ ਆਪਸੀ ਗਲਬਾਤ ਸੁਣੀ।

"ਵੀਅਤਕਾਂਗੀ ਮਾਈ ਤਾਈ 'ਚ ਆ ਗਏ ਨੇ" ਇਕ ਨੇ ਕਿਹਾ।

"ਤੈਨੂੰ ਕਿੱਦਾਂ ਪਤਾ ਲੱਗਾ?" ਇਕ ਹੋਰ ਨੇ ਤ੍ਰਬਕ ਕੇ ਪੁਛਿਆ।

"ਪਿਆਰੇ ਸਾਥੀਓ, ਇਤਨਾ ਗੁੰਗਾ ਬੋਲਾ ਬਣਨਾ ਛੱਡ ਦੇ। ਤੁਹਾਡੇ ਦਿਮਾਗ ਇਕ ਦਿਨ ਉਡ ਜਾਣੇ ਆਂ। ਲੈਫਟੀਨੈਂਟ ਥੋ ਨੂੰ ਪੁਲਸ ਚੀਫ ਨੇ ਦਸਿਐ ਜਿਹੜਾ ਉਥੋਂ ਬਚ ਕੇ ਭੱਜ ਆਇਐ। ਵੀਤਕਾਂਗੀਆਂ ਦੀ ਸਪੇਸ਼ਲ ਟਾਸਕ ਫੋਰਸ ਵੀ ਐਨ ਇਥੇ ਹੀ ਸਰਗਰਮ ਹੈ। ਕਿੰਨੇ ਅਚਨਚੇਤੀ ਨੇ ਇਹ ਵੀਅਤਕਾਂਗੀ!"

"ਤੂੰ ਚਿੰਤਾ ਨਾ ਕਰ। ਲੈਫਟੀਨੈਂਟ ਥੋ ਹਦਾਇਤਾਂ ਲੈਣ ਕੁਈ ਨਾਨ੍ਹ ਗਿਆ ਹੋਇਐ, ਮੈਨੂੰ ਲੱਗਦੈ ਅਸੀਂ ਕੋਈ ਹੂੰਝਾ ਮਾਰੂ ਮੁਹਿੰਮ ਛੇਤੀ ਸ਼ੁਰੂ ਕਰਨ ਵਾਲੇ ਆਂ।"

ਇਥੋਂ ਵੀਤਕਾਂਗੀਆਂ ਨੂੰ ਕੱਢ ਸੁਟਣ ਨੂੰ?" ਇਕ ਹੋਰ ਨੇ ਵਿਚੋਂ ਟੋਕਦਿਆਂ ਪੁਛਿਆ।

"ਵੱਡੇ ਅਫਸਰਾਂ ਦੀ ਸਾਰੀ ਰਾਤ ਮੀਟਿੰਗ ਹੋਈ ਆ। ਗੋਲੀ ਸਿੱਕੇ ਨਾਲ ਗੁਦਾਮ ਉਪਰ ਦੀ ਹੋਏ ਪਏ ਆ, ਵਾਧੂ ਬਾਹਰ ਵੀ ਪਿਐ।" ਉਹ ਖਿਖਿਆਣੀ ਹਾਸੀ ਹਸਿਆ ਤੇ ਬੋਲਦਾ ਗਿਆ, "ਇਸ ਕਾਰਵਾਈ ਵਿਚ ਜਿਨਾਂ ਬਹਾਦਰੀ ਵਿਖਾਈ, ਉਹਨਾਂ ਨੂੰ ਖਾਸ ਇਨਾਮ ਮਿਲੇਗਾ। ਮੈਂ ਸੁਣਿਆਂ, ਉਹਨਾਂ ਨੂੰ ਸੁੰਦਰਤਾ ਦੇ ਮੁਕਾਬਲੇ ਵੇਖਣ ਨੂੰ ਹਾਂਗਕਾਂਗ ਤੇ ਸਾਇਗਾਨ ਭੇਜਿਆ ਜਾਏ। ਆਹਾ! ਸਾਡਾ ਦਿਲ ਖੂਬ ਪਰਚੂ।"

"ਮੈਂ ਤੇਰੇ ਲਈ ਸ਼ੁਭ ਕਾਮਨਾ ਕਰਦਾ, ਹਾਏ ਸਾਹਬ! ਪਰ ਸਾਨੂੰ-ਮੱਝ ਦੇ ਭੇੜ ਵਿਚ ਮੱਖੀ ਕਿਵੇਂ ਬਚ ਸਕਦੀ ਆ?"

"ਕਿਉਂ ਨਹੀਂ" ਦੂਜੇ ਨੇ ਇਕ ਦਮ ਜਵਾਬ ਦਿਤਾ, "ਇਸ ਵਾਰੀ ਸਾਡੇ ਰੇਂਜਰ ਤੇ ਲੜਾਕੂ ਪੁਲਸ ਆਖਰੀ ਬੰਦੇ ਤਕ ਹੂੰਝ ਸੁਟਣਗੇ।"

ਪੁਲਸ ਗਾਰਡਾਂ ਦੇ ਆਪੋ ਵਿਚੀ ਗਲਬਾਤ ਕਰਦੇ ਸਮੇਂ ਮੈਂ ਕਪੜਿਆਂ ਨੂੰ ਹੁਕਾਂ ਲਾਉਂਦੀ ਰਹੀ। ਅਸੀਂ ਇਤਨੇ ਵੱਡੇ ਦੁਸ਼ਮਣ ਤੇ ਉਸ ਦੀਆਂ ਗੰਦੀਆਂ ਸਕੀਮਾਂ ਦਾ ਮੁਕਾਬਲਾ ਕਿਵੇਂ ਕਰਾਂਗੇ? ਇਹਨਾਂ ਨੂੰ ਹੁਣੇ ਹੀ ਕਿਉਂ ਨਾ ਨੱਪ ਦਿਤਾ ਜਾਵੇ, ਇਹ ਸਾਡੇ ਪਿਛਵਾੜੇ ਦੇ ਅੱਡਿਆਂ 'ਚ ਸਾਨੂੰ ਤਬਾਹ-ਕੁੰਨ ਨੁਕਸਾਨ ਪੁਚਾਉਣਗੇ, ਮੈਂ ਸੋਚਿਆ। ਸਾਨੂੰ ਕਿਸੇ ਵੀ ਕੀਮਤ ਤੇ ਉਹਨਾਂ ਦੀ ਇਸ ਕਾਰਵਾਈ ਨੂੰ ਫੇਲ੍ਹ ਕਰ ਦੇਣਾ ਚਾਹੀਦਾ ਹੈ। ਪਰ ਇਹ ਇਤਨਾ ਆਸਾਨ ਨਹੀਂ ਸੀ। ਸਾਨੂੰ ਥਾਂ ਤੋਂ ਹੀ ਕਾਫੀ ਫੌਜ ਮਿਲ ਸਕਦੀ ਸੀ ਤੇ ਇਸ ਮਤਲਬ ਲਈ ਕਾਫੀ ਹਥਿਆਰ ਵੀ ਮਿਲ ਸਕਦੇ ਸਨ ਪਰ ਸਾਨੂੰ ਤਜ਼ਰਬੇ ਦੀ ਘਾਟ ਸੀ। ਉਪਰਲੀ ਬਾਤਚੀਤ ਦੌਰਾਨ ਮੈਨੂੰ ਇਕ ਸਕੀਮ ਸੁਝੀ : ਲੈਫਟੀਨੈਂਟ ਥੋ ਹੁਕਮ ਲੈਣ ਕੁਈ ਨਾਨ ਗਿਆ ਹੋਇਐ। ਇਹਨਾਂ ਹਾਲਤਾਂ ਵਿਚ ਅਚਨਚੇਤ ਕੀਤਾ ਹਮਲਾ ਕਿਵੇਂ ਰਹੇਗਾ? ਮੈਂ ਝਟ ਪਟ ਇਕ ਸਕੀਮ ਸੋਚ

ਲਈ ।

ਦੁਪਿਹਰ ਤੋਂ ਪਿਛੋਂ ਮੈਂ ਆਪਣੇ ਸਾਫ ਸੁਥਰੇ ਕਪੜੇ ਪਹਿਨੇ, ਤੇ ਸਫਰ ਵਾਲਾ ਇਕ ਬੈਗ ਕਈ ਚੀਜ਼ਾਂ ਨਾਲ ਭਰ ਲਿਆ। ਮੈਂ ਕਦੀ ਕਿਸੇ ਕੰਮ 'ਤੇ ਇਤਨੀ ਚੁਪ ਚਪੀਤੀ ਨਹੀਂ [illegible] ਗਈ। ਜਦ ਮੈਂ ਸ੍ਰੀਮਤੀ ਤ੍ਰੂ ਨੂੰ ਅਲਵਿਦਾ ਕਹੀ, ਉਸ ਦੇ ਗਲ ਵਿਚ ਜਿਵੇਂ ਕੁਝ ਫਸ ਗਿਆ ਹੋਵੇ। ਉਸ ਨੂੰ ਮੇਰੇ ਕੰਮ ਬਾਰੇ ਕਾਫੀ ਚਿੰਤਾ ਸੀ ਪਰ ਮੈਂ ਸਾਂ ਕਿ ਮੁਸ-ਕਰਾਉਂਦੀ ਰਹੀ : "ਮੁੜ ਆਉਂਦੀ ਦਾ ਮੇਰਾਂ ਸਵਾਗਤ ਕਰਨ ਲਈ ਕੇਕ ਤਿਆਰ ਕਰ ਰਖੀਂ,ਤ੍ਰੂ ਸਾਹਿਬਾ !" ਮੈਂ ਕਿਹਾ । "ਕਿਸਮਤ ਤੇਰਾ ਸਾਥ ਦੇਵੇ. ਪਿਆਰੀਏ,' 'ਉਸ ਦੇ ਵਿਛੋੜੇ ਸਮੇਂ ਦੇ ਆਖਰੀ ਸ਼ਬਦ ਸਨ।

ਮੈਂ ਦਵਾ ਦਬ ਚਲ ਪਈ ਤੇ ਪਿਛਾਂਹ ਮੁੜ ਕੇ ਉਸ ਦਾ ਭੈਭੀਤ ਚਿਹਰਾ ਨਾ ਵੇਖਿਆ। ਫੂ-ਮਾਈ ਪੁਲਸ ਸੈਕਟਰ ਨੂੰ ਜਾਂਦੇ, ਮੋੜ ਤੇ ਮੈਨੂੰ ਗਸਤੀ ਸਿਪਾਹੀ ਮਿਲ ਪਏ। ਉਸ ਨੇ ਮੈਨੂੰ ਵੰਗਾ-ਰਿਆ "ਨੀ ਨਿਕੀਏ ਕੁੜੀਏ, ਆਪਣਾ ਬੈਗ ਵਿਖਾਲ।" ਇਕ ਫੌਜੀ ਨੇ ਰੋਅਬ ਨਾਲ ਮੈਨੂੰ ਕਿਹਾ।

ਪਹਿਲਾਂ ਮੈਂ ਗਾਰਡ ਤੋਂ ਕੁਝ ਘਬਰਾ ਗਈ ਪਰ ਛੇਤੀ ਮੈਂ ਆਪਣਾ ਆਪ ਸੰਭਾਲਿਆ ਤੇ ਫਿਰ ਨਫਰਤ ਨਾਲ ਹੱਸਕੇ ਕਿਹਾ "ਨਾਇਕ ਸਾਹਿਬ, ਤੁਸੀਂ ਮੈਨੂੰ ਜਾਣਦੇ ਨਹੀਂ ? ਮੈਂ ਲੇਫਟੀਨੈਂਟ ਥੌ ਦੀ ਛੋਟੀ ਭੈਣ ਹਾਂ। ਕਲ ਮੇਰੀ ਭਾਬੀ ਨੂੰ ਵੀਰ ਦੀ ਚਿੱਠੀ ਮਿਲੀ ਸੀ ਜਿਸ 'ਚ ਉਸ ਨੂੰ ਕਿਸੇ ਕੰਮ ਲਈ ਆਉਣ ਨੂੰ ਕਿਹਾ [illegible]। ਉਸ ਨੇ ਮੈਨੂੰ ਪਹਿਲਾਂ ਭੇਜ ਦਿਤਾ ਹੈ ਤੇ ਵੀਰ ਨੂੰ ਕਹਿ ਭੇਜਿਆ ਹੈ ਕਿ ਉਹ ਆਪ ਪਿਛੋਂ ਆਵੇਗੀ।'

ਇਹ ਜਾਣ ਕੇ ਕਿ ਮੈਂ ਲੇਫਟੀਨੈਂਟ ਥੋ ਦੀ ਭੈਣ ਹਾਂ, ਉਹ ਫੁਲੇ ਨਾ ਸਮਾਏ ਤੇ ਮੈਨੂੰ ਸੈਕਟਰ ਅੰਦਰ ਜਾਣ ਨੂੰ ਕਿਹਾ। "ਪਰ......" ਉਹਨਾਂ 'ਚੋਂ ਇਕ ਨੇ ਥਥਲਾਕੇ ਕਿਹਾ।

"ਪਰ ਕੀ ?" ਮੈਂ ਉਸ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਟੋਕ ਦਿਤਾ।

"ਤੇਰੇ ਨਾਲ ਮੰਦਾ ਹੋਇਐ...... ਲੇਫਟੀਨੈਂਟ ਬਾਹਰ ਗਏ ਹੋਏ ਨੇ ਅਤੇ ਕਲ ਤਕ ਵਾਪਸ ਨਹੀਂ ਆਉਣਗੇ।" ਮੈਂ ਆਪਣੇ ਚਿਹਰੇ ਤੇ ਘਬਰਾਹਟ ਵਾਲੇ ਹਾਵ ਭਾਵ ਨਾ ਆਉਣ ਦਿਤੇ। ਅਸਲ ਚ' ਮੇਰਾ ਦਿਲ ਖ੍ਰੁਸ਼ੀ ਨਾਲ ਟੱਪ ਰਿਹਾ ਸੀ।

ਫੌਜੀਆਂ ਨੇ ਦਵਾ ਦਬ ਮੈਨੂੰ ਪੁਲਸ ਚੌਂਕੀ ਵਿਖਾਈ। ਉਹਨਾਂ ਮੇਰੇ ਦੁਆਲੇ ਝੁਰਮਟ ਪਾ ਲਿਆ ਤੇ ਮਖੌਲ 'ਤੇ ਮਖੌਲ ਝਾੜਦੇ ਰਹੇ।

ਇਕ ਨੇ ਮੇਰੇ ਬੈਗ ਵਲ ਤਿੱਖੀ ਸ਼ੱਕੀ ਨਜ਼ਰ ਨਾਲ ਵੇਖਿਆ ਤੇ ਮੈਂ ਵੀ ਉਸ ਵਲ ਤਕਦੀ ਰਹੀ ਮਤੇ ਇਹ ਮੇਰਾ ਬੈਗ ਨਾ ਵੇਖ ਲਏ, ਭਾਵੇਂ ਮੈਂ ਪੂਰੀ ਕੋਸ਼ਿਸ਼ ਕਰਦੀ ਰਹੀ ਕਿ ਚਿਹਰੇ 'ਤੇ ਕੋਈ ਸ਼ੱਕੀ ਪ੍ਰਭਾਵ ਨਾ ਆਵੇ। "ਓ ਹੋ, ਮਾਫ ਕਰਨਾ, ਮੈਂ ਤੁਹਾਡੇ ਨਾਲ ਗੱਲਾਂ 'ਚ ਇਤਨੀ ਰੁਝ ਗਈ ਕਿ ਮੈਨੂੰ ਇਹ ਖਿਆਲ ਹੀ ਨਹੀਂ ਰਿਹਾ, ਮੇਰੇ ਬੈਗ 'ਚ ਤੁਹਾਡੇ ਲਈ ਕੁਝ ਅਮਰੂਦ ਹਨ। ਗੱਲਾਂ ਕਰਦੇ ਕਰਦੇ ਇਹ ਵੀ ਖਾ ਲਈਏ।" ਮੈਂ ਝਟਪਟ ਕਿਹਾ।

ਉਸੇ ਸਮੇਂ ਮੈਂ ਆਪਣੀ ਫਰਜ਼ੀ ਭਾਬੀ ਦੇ ਦਿਤੇ ਤੁਹਫੇ ਬਾਹਰ ਕੱਢ ਲਏ ਤੇ ਉਹਨਾਂ ਦੇ ਮੂਹਰੇ ਧਰਦਿਆਂ ਕਿਹਾ, "ਇਹ ਕੇਕਾਂ ਦਾ ਪਾਰਸਲ ਏ, ਮੇਰੀ ਭਾਬੀ ਨੇ ਆਪਣੇ ਪਤੀ ਲਈ ਖਾਸ ਤੌਰ ਤੇ ਬਣਾਇਆ ਏ।"

ਬੋਲਦੀ ਬੋਲਦੀ ਮੈਂ ਆਲਾ ਦੁਆਲਾ ਵੇਖਣੋਂ ਉਕੀ ਨਹੀਂ। ਮੈਂ ਬੈਰਕਾਂ ਦੇ ਵਰਾਂਡੇ 'ਚ ਐਮ-79 ਕਿਸਮ ਦੇ ਗੋਲਿਆਂ ਦੇ ਖੋਲਾਂ ਦੇ ਢੇਰ ਪਏ ਵੇਖ ਲਏ ਤੇ ਸਮਝ ਲਿਆ ਕਿ ਇਕ ਵੱਡਾ ਹਮਲਾ ਕੀਤਾ ਜਾਣ ਵਾਲਾ ਹੈ।

ਸਵਾ ਚਾਰ ਵਜੇ ਸਨ, ਰਾਤ ਆ ਰਹੀ ਸੀ। ਅਜੇ ਵੀ ਫੌਜੀ ਮੇਰੇ ਦੁਆਲੇ ਝੁਰਮਟ ਪਾਈ ਖਲੋਤੇ ਸਨ ਤੇ ਮੇਰੀ ਸਕੀਮ ਪੂਰੀ ਹੋਣ 'ਚ ਅੜਿਕਾ ਬਣੇ ਹੋਏ ਸਨ। ਅਚਾਨਕ ਇਕ ਸਕੀਮ ਮੈਨੂੰ ਸੁਝੀ 5 ਵਜੇ ਉਹ ਸਭ ਖਾਣਾ ਖਾਣ ਚਲੇ ਜਾਣਗੇ। ਮੈਨੂੰ ਉਹਨਾਂ ਤੋਂ ਕਿਸੇ ਵੀ ਕੀਮਤ 'ਤੇ ਛੁਟਕਾਰਾ ਪਾਉਣਾ ਚਾਹੀਦਾ ਹੈ। ਇਸ ਲਈ ਮੈਂ ਬੜੇ ਮਿੱਠੇ ਲਹਿਜੇ 'ਚ ਕਿਹਾ, "ਮੈਨੂੰ ਪਤਾ ਨਾ ਸੀ ਕਿ ਇਥੇ ਤੁਸੀਂ ਇੰਨੇ ਜਣੇ ਹੋ ਇਸ ਕਰਕੇ ਮੈਂ ਥੋੜੇ ਜਿਨੇ ਫਲ ਹੀ ਲਿਆਈ ਆਂ। ਕੁਝ ਦੇਰ ਮੈਨੂੰ ਉਡੀਕਣਾ. ਮੈਂ ਫਿਰ ਜਾਂਦੀ ਆਂ ਤੇ ਤੁਹਾਡੇ ਸਾਰਿਆਂ ਲਈ ਹੋਰ ਫਰੂਟ ਲਿਆ-ਉਨੀ ਆਂ।" ਇਹ ਕਹਿ ਕੇ ਮੈਂ ਚਲ ਪਈ।

ਚੌਂਕੀ ਦੇ ਗੇਟ ਤੋਂ ਬਾਹਰ ਆ ਕੇ ਮੈਂ ਸੌਖਿਆਂ ਮਹਿਸੂਸ ਕੀਤਾ। ਪਰ ਬਹੁਤ ਸਾਰੇ ਸਵਾਲ ਮੈਨੂੰ ਤੰਗ ਕਰਨ ਲਗੇ : ਕੀ ਮੈਂ ਆਪਣਾ ਕੰਮ ਪੂਰਾ ਕਰ ਲਵਾਂ-ਗੀ ? ਮੈਂ ਹੋਰ ਅਮਰੂਦ ਲੈਣ ਪਿਛੋਂ ਚੌਂਕੀ ਮੁੜਨ ਦਾ ਫੈਸਲਾ ਕਰ ਲਿਆ। ਐਨ ਪੰਜ ਵਜੇ ਖਾਣੇ ਦਾ ਵਿਸਲ ਵਜ ਗਿਆ। ਮੈਂ ਆਪਣਾ ਬੈਗ ਤੇ ਤਿਰਛਾ ਹੈਟ ਲੈ ਕੇ ਚੌਂਕੀ ਵਾਪਸ ਆ ਗਈ। ਮੇਰਾ ਹੈਟ ਫਰੂਟ ਨਾਲ ਭਰਿਆ ਪਿਆ ਸੀ। ਮੈਂ ਗੋਲੀ ਸਿੱਕੇ ਦੇ ਭੰਡਾਰ ਅਤੇ ਬੈਰਕਾਂ ਵਿਚ ਵੇਖਿਆ ਇਥੇ ਕੋਈ ਨਹੀਂ ਸੀ। ਆਪਣਾ ਕੰਮ ਕਰਨ ਲਈ ਇਹ ਮੇਰੇ ਵਾਸਤੇ ਸਹੀ ਘੜੀ ਸੀ। ਆਪਣੇ ਬੈਗ ਵਿਚੋਂ ਬੰਬ ਕਢਦਿਆਂ ਰੱਤੀ ਦੇਰ ਨਾ ਲਾਈ ਤੇ ਇਸ ਨੂੰ ਮਾਰਟਰ ਗੋਲਿਆਂ 'ਤੇ ਰੱਖ ਕੇ ਪਲੀਤੀ ਲਾ ਦਿਤੀ।

ਇਹ ਸਾਰਾ ਕੰਮ ਮੈਂ ਦੋ ਸੈਕਿੰਡਾਂ ਵਿਚ [illegible] ਨਿਬੇੜ ਲਿਆ। ਮੈਂ ਆਪਣੇ ਆਪ ਨੂੰ ਖੰਭ ਨਾਲੋਂ ਹੌਲੀ ਮਹਿਸੂਸ ਕੀਤਾ। ਅਮਰੂਦ ਖ੍ਰਾਣ ਕਮਰੇ 'ਚ ਲੈ ਗਈ ਤੇ ਫੌਜੀਆਂ ਨੂੰ ਵੰਡ ਦਿਤੇ।

ਉਹਨਾਂ ਮੈਨੂੰ ਆਪਣੇ ਨਾਲ ਖਾਣਾ ਖਾਣ ਲਈ ਕਿਹਾ ਪਰ ਮੈਂ ਨਾਂਹ ਕਰ ਦਿਤੀ ਤੇ ਨਾਇਕ ਨੂੰ ਕਿਹਾ, ਮੇਰਾ ਭਰਾ ਇਤਨਾ ਲੇਟ ਕਿਉਂ ਹੋਇਐ ? ਛੇਤੀ ਹੀ ਹਨੇਰਾ ਹੋ ਜਾਵੇਗਾ ਮੇਰੇ ਖਿਆਲ 'ਚ ਹੁਣ ਮੇਰੇ ਲਈ ਜਾਣਾ ਹੀ ਚੰਗਾ ਏ।"

ਗੇਟ ਤਕ ਪਹੁੰਚੀ ਹੀ ਸੀ ਕਿ ਇਕ ਜੀਪ ਝਟ ਪਟ ਖੜੀ ਰੁਕੀ। ਜਿਹੀ ਮੁਸੀਬਤ ਹੁੰਦੀ ਜੇ ਇਸ ਵਿਚਲਾ ਅਫਸਰ ਲੇਫਟੀਨੈਂਟ ਥੋ ਹੁੰਦਾ ? ਪਰ ਜੋ ਆਦਮੀ ਜੀਪ ਚੋਂ ਉਤਰਿਆ ਉਹ ਮੋਟਾ ਸੀ ਤੇ ਉਸ ਨੇ ਐਨਕਾਂ ਲਾਈਆਂ ਹੋਈਆਂ ਸਨ। ਉਹ ਇਸ ਪੁਲਸ ਸਬ-ਸੈਕਟਰ ਦਾ ਮੁਖੀ ਸੀ। ਮੈਂ ਸੁਖ ਦਾ ਸਾਹ ਲਿਆ। ਜੀਪ ਦੁਆਲੇ ਚੱਕਰ ਕਟਿਆ ਇਹਦੇ ਲਾਗੇ ਕੋਈ ਨਹੀਂ ਸੀ। ਕਿੰਨੀ ਖੁਸ਼ਕਿਸਮਤ ਘੜੀ ਸੀ, ਮੈਂ ਜੀਪ ਵਿਚ ਚੜ ਗਈ ਤੇ ਇਸ ਦੇ ਗੇਅਰ ਲੀਵਰ ਕੋਲ ਕੁਝ ਗਰਨੇਡ ਰਖ ਦਿੜੇ ਤੇ ਫਿਰ ਮਿਸ਼ਨ ਪੂਰਾ ਹੋ ਜਾਣ ਦੀ ਆਸ ਨਾਲ ਨੱਚਦੀ ਟੱਪਦੀ ਚੁਪ ਚਪੀਤੀ ਉਸ ਖਤਰਨਾਕ ਜਗਾਹ ਤੋਂ ਚਲ ਪਈ।

ਜਦੋਂ ਸੂਰਜ ਦੀਆਂ ਅੰਤਲੀਆਂ ਕਿਰਨਾਂ ਵੀ ਮੁਕ ਗਈਆਂ, ਅਸੀਂ ਇਕ ਧਰਤੀ ਕੰਬਾਊ ਧਮਾਕਾ ਸੁਣਿਆ। ਇਹ ਆਵਾਜ਼ ਫੂ-ਮ-ਈ ਪੁਲਸ ਸੈਕਟਰ ਵਲੋਂ ਆ ਰਹੀ ਸੀ। ਪਿਛੋਂ ਕਈ ਹੋਰ ਕੰਨਾਂ ਨੂੰ ਬੋਲਾ ਕਰ ਸੁਟਣ ਵਾਲੀਆਂ ਆਵਾਜ਼ਾਂ ਆਈਆਂ। ਫਿਰ ਧੂਆਂ ਤੇ ਲਾਟਾਂ ਅਸਮਾਨ 'ਚ ਉਠੀਆਂ, ਖਤਰੇ ਦਾ ਘੁਗੂ ਵਜ ਗਿਆ। ਘਬਰਾ ਕੇ ਕਾਹਲੀ ਕਾਹਲੀ ਪੁਲਸ ਚੀਫ ਆਪਣੀ ਜੀਪ 'ਚ ਜਾ ਚੜਿਆ ਤੇ ਸਟਾਰਟ ਕਰ ਲਈ। ਜਿਉਂ ਹੀ ਜੀਪ ਚਲੀ, ਮੇਰੇ ਰੱਖੇ ਗਰਨੇਡ ਚਲ ਗਏ ਤੇ ਜੀਪ ਸਮੇਤ ਪੁਲਸ ਚੀਫ ਵੀ ਉਡ ਗਿਆ।

ਇਸ ਜਬਰਦਸਤ ਧਮਾਕੇ ਦੀ ਖਬਰ ਸੁਕੇ ਘਾਹ ਨੂੰ ਲੱਗੀ ਅੱਗ ਵਾਂਗ ਸਾਰੇ ਏਰੀਏ ਵਿਚ ਫੈਲ ਗਈ ਤੇ ਵਸੋਂ ਵਿਚ ਇਕ ਅਜੀਬ ਹੁਲਾਸ ਛਾ ਗਿਆ। ਫੌਜੀ ਤੇ ਪੁਲਸੀਏ ਇਸ ਬਹਾਦਰਾਨਾ ਹਮਲੇ ਕਾਰਨ ਭੈ ਭੀਤ ਹੋਏ ਪਏ ਸਨ।

ਜਦ ਮੈਂ ਉਸ ਰਾਤ ਤ੍ਰੂ ਦੇ ਘਰ ਪਰਤੀ, ਉਸ ਨੇ ਮੈਨੂੰ ਨਿਕੇ ਬੱਚੇ ਦੀ ਤਰਾਂ ਛਾਤੀ ਨਾਲ ਘੁਟ ਕੇ ਲਾ ਲਿਆ।

ਮੈਂ ਉਸ ਦੇ ਖੁਰਦਰੇ ਹੱਥ ਫੜ ਲਏ ਤੇ ਉਸ, ਦੇ ਕੀਤੇ ਲਈ ਧੰਨਵਾਦ ਕਰਨਾ ਚਾਹਿਆ ਪਰ ਮੇਰਾ ਗਲਾ ਹੌਕਿਆਂ ਨਾਲ ਭਰ ਆਇਆ।

ਦੁਸ਼ਮਣ ਦੀਆਂ ਸਫਾਂ ਪਿਛੇ ਕਈ ਵਰੇ ਰਹਿਣ ਪਿਛੋਂ ਇਹ ਪਹਿਲੀ ਵਾਰ ਸੀ ਕਿ ਮੈਂ ਆਪਣੇ ਬਚਪਨੇ ਦੇ ਸ਼ਾਂਤ ਦਿਨ ਫਿਰ ਮਾਣ ਸਕੀ, ਉਹ ਦਿਨ ਜਦੋਂ ਮੇਰੀ ਮਾਂ ਮੈਨੂੰ ਲੋਰੀ ਸੁਣਾ ਸੁਣਾ, ਥਾਪੜ ਕੇ ਸੁਆਉਂਦੀ ਹੁੰਦੀ ਸੀ।

ਨਾਰੀਅਲ ਦਾ ਜਵਾਨ [illegible]
ਅਸਮਾਨ'ਚ ਚੱਲਾ ਕਾਰਾ ਖਲੋਵੇ,
ਸਭਨਾਂ ਦੀ ਭਲਾਈ ਖਾਤਰ,
ਆਪਾ ਕਰੇ ਨਿਛਾਵਰ,
ਤੇ ਇੰਜ ਆਪਣਾ ਸਿਦਕ ਦਿਖਾਵੇ

('ਲੋਕ ਲਹਿਰ' ਜਲੰਧਰ-1 ਅਗਸਤ'75 ਵਿਚੋਂ)

# INTER-UNIVERSAL FOOD EMPORIUM

**9369 SCOTT RD. (120 St.)**

**DELTA, B.C.**

Phone: 584-7313

Phone: 584-7313

## ALL EAST INDIAN GROCERIES:

ROTI FLOUR
DALS.
Pickels of all kinds
Chutneys
Makki da atta
Spices of all kinds
Fresh and green vegetables
Fresh mangoes &
8-track recorded tapes & records

**STORE HOURS:**
**MONDAY thru THURSDAY:**
**10:30 A.M. to 7:00 P.M.**
**FRIDAY: 10:30 A.M. to 9:00 P.M.**
**SATURDAY: 9 A.M. to 7:00 P.M.**
**SUNDAY: 11:00 A.M. to 2:30 P.M.**

- ਰੋਟੀ ਪਕਾਉਣ ਵਾਲਾ ਆਟਾ
- ਦਾਲਾਂ
- ਸਭ ਤਰ੍ਹਾਂ ਦੇ ਆਚਾਰ
- ਚਟਣੀਆਂ
- ਮੱਕੀ ਦਾ ਆਟਾ
- ਹਰ ਕਿਸਮ ਦੇ ਮਸਾਲੇ
- ਤਾਜ਼ਾ ਹਰੀਆਂ ਸਬਜ਼ੀਆਂ
- ਤਾਜ਼ਾ ਅੰਬ
- 8 ਟਰੈਕ ਦੀਆਂ ਰੀਕਾਰਡ-ਟੇਪਾਂ ਅਤੇ ਰੀਕਾਰਡ

UTENSILS *

* ਭਾਰੇ ਥੱਲੇ ਵਾਲੇ ਪਤੀਲੇ

SPECIAL REDUCTION ON MARRIAGES

ਵਿਆਹ - ਸ਼ਾਦੀਆਂ ਵਾਸਤੇ ਵਿਸ਼ੇਸ਼ ਰਿਆਇਤ

LOTS OF PARKING SPACE

ਕਾਰਾਂ ਪਾਰਕ ਕਰਨ ਵਾਸਤੇ ਖੁੱਲੀ - ਡੁੱਲੀ ਜਗ੍ਹਾ

# ਇੰਟਰ ਯੂਨੀਵਰਸਲ ਫੂਡ ਇਮਪੋਰੀਅਮ

# ਗਵਾਂਢੀ

ਤਾਰਾ ਸਿੰਘ ਹੇਅਰ
SURREY, B.C.



ਜਦੋਂ ਗਵਾਂਢੀਆਂ ਦੇ ਰੇਡੀਓ ਦੀ ਆਵਾਜ਼ ਲਾਊਡ-ਸਪੀਕਰ ਨੂੰ ਮਾਤ ਪਾਉਣ ਲੱਗੀ ਤਾਂ ਮੈਂ ਸਮਝ ਗਿਆ ਕਿ ਦਿਹਾਤੀ ਪ੍ਰੋਗਰਾਮ ਸ਼ੁਰੂ ਹੋ ਗਿਆ ਹੈ। ਇਹ ਕੋਈ ਅੱਜ ਦੀ ਗੱਲ ਥੋੜਾਂ ਸੀ, ਇਹ ਤਾਂ ਉਨ੍ਹਾਂ ਦਾ ਨਿੱਤ ਦਾ ਨੇਮ ਹੈ। ਦਿਹਾਤੀ ਪ੍ਰੋਗ੍ਰਾਮ ਵੇਲੇ ਉਹ ਰੇਡੀਓ ਦੀ ਆਵਾਜ਼ ਸਿਖਰ ਤੇ ਕਰ ਦਿੰਦੇ ਨੇ। ਕਰਨ ਵੀ ਕਿਉਂ ਨਾ। ਜਦੋਂ ਵੀ ਕੋਈ ਗਾਣਾ ਆਉਂਦਾ ਏ ਤਾਂ ਤਾੜੀਆਂ ਨਾਲ ਵੱਜਣੀਆਂ ਸ਼ੁਰੂ ਹੋ ਜਾਂਦੀਆਂ ਨੇ। ਐਤਵਾਰ ਨੂੰ ਫ਼ਰਮਾਇਸ਼ੀ ਪ੍ਰੋਗ੍ਰਾਮ ਵੇਲੇ ਤਾਂ ਤੌਬਾ ਹੀ ਸਮਝੋ। ਗਵਾਂਢੀਆਂ ਦੇ ਘਰੋਂ ਸੁਰ ਨਾਲ ਧੁਰਾਂ ਨਿਕਲਣ ਲਗਦੀਆਂ ਨੇ। ਨਾਲੇ ਕਲ੍ਹ ਤਾਂ ਉਨ੍ਹਾਂ ਦੇ ਘਰ ਵਿਆਹ ਏ। ਮੇਲ ਕੱਠਾ ਹੋਇਆ ਏ। ਗਵਾਂਢੀਆਂ ਦੀ ਕਾਵਾਂ ਰੌਲੀ ਹੀ ਨਹੀਂ ਸੀ ਮਾਣ ਤੇ ਹੁਣ ਦਿਹਾਤੀ ਪ੍ਰੋਗਰਾਮ ਚਲ ਰਿਹਾ ਏ—ਫ਼ੁਲ ਸਪੀਡ ਤੇ। ਕਿਸੇ ਦਾ ਇਮਤਿਹਾਨ ਹੋਵੇ, ਗਵਾਂਢੀਆਂ ਨੂੰ ਕੀ। ਕਿਸੇ ਨੇ ਗੱਲ ਕਰਨੀ ਹੋਵੇ, ਉਨ੍ਹਾਂ ਦੀ ਜਾਣੇ ਬਲਾ। ਤੇ ਅੱਜ ਤਾਂ ਸਬੱਬੀ ਹੈ ਈ ਐਤਵਾਰ। ਜਦੋਂ ਤੱਕ ਫ਼ਰਮਾਇਸ਼ੀ ਪ੍ਰੋਗ੍ਰਾਮ ਮੁਕ ਨਹੀਂ ਜਾਂਦਾ, ਰੇਡੀਓ ਦੇ ਨੀਵੇਂ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਆਖ ਕੇ ਵੀ ਕੋਈ ਕੀ ਬੁਰਾ ਬਣੇ।

ਕਿਤਾਬ ਬੰਦ ਕਰ ਕੇ ਮੈਂ ਮੰਜੇ ਤੇ ਲੇਟ ਗਿਆ ਹਾਂ। ਖਿੜਕੀਆਂ ਬੰਦ ਕਰ ਦਿੱਤੀਆਂ ਹਨ। ਤਾਂ ਵੀ ਆਵਾਜ਼ ਪੂਰੇ ਜ਼ੋਰ ਨਾਲ ਆ ਰਹੀ ਹੈ। ਪ੍ਰੋਗ੍ਰਾਮ ਸੁਣਨ ਤੋਂ ਬਿਨਾ ਚਾਰਾ ਈ ਕੀ ਏ। ਅੱਜ ਤਾਂ ਰਾਤ ਨੂੰ ਵੀ ਪੜ੍ਹ ਨਹੀਂ ਹੋਣਾ। ਕੀ ਕਰਾਂ? ਕਿੱਥੇ ਜਾਵਾਂ? ਇਮਤਿਹਾਨ ਸਿਰ ਤੇ ਹੈ। ਗਵਾਂਢੀਆਂ ਦਾ ਕਿਸੇ ਦੀ ਗੱਲ ਮੰਨਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਤੇ ਖ਼ਾਸ ਕਰ ਅੱਜ। ਵਿਆਹ ਦੇ ਤਿੰਨ ਦਿਨ ਤਾਂ ਇਥੇ ਇਹੀ ਹਾਲ ਰਹਿਣਾ ਏ। ਜੇ ਮੈਂ ਆਖਣ ਵੀ ਚਲਾ ਗਿਆ ਤਾਂ ਕਹਿਣ ਗੇ—ਗਵਾਂਢੀਆਂ ਦੀ ਖ਼ੁਸ਼ੀ ਜਰ ਨਹੀਂ ਸਕਦੇ। ਵਿਆਹ ਸ਼ਾਦੀ ਤੇ ਆਖ਼ਰ ਰੌਲਾ ਤਾਂ ਪੈਣਾ ਹੀ ਹੋਇਆ।

ਮੈਂ ਅੱਖਾਂ ਬੰਦ ਕਰ ਲਈਆਂ ਹਨ। ਰੇਡੀਓ ਗਾ ਰਿਹਾ ਹੈ:

ਅੱਡੀ ਮਾਰ ਝਾਂਜਰ ਛਣਕਾਈ,
ਮਿਤਰਾਂ ਦਾ ਬੂਹਾ ਲੰਘ ਕੇ।
ਵੇ ਤੈਨੂੰ ਨੀਂਦ ਕਟਕਾਂ ਦੀ ਆਈ,
ਮਰ ਗਈ ਮੈਂ ਖੰਘ ਖੰਘ ਕੇ।

ਮੈਂ ਤ੍ਰਭਕ ਉਠਦਾ ਹਾਂ। ਮੇਰੀਆਂ ਅੱਖਾਂ ਆਪੇ ਹੀ ਖੁਲ੍ਹ ਜਾਂਦੀਆਂ ਹਨ। ਮੈਂ ਤਾਂ ਉਂਵੇਂ ਹੀ ਮੀਚੀਆਂ ਸਨ, ਨੀਂਦ ਥੋੜਾ ਆਈ ਸੀ। ਤੇ ਮੈਂ ਗਾਣੇ ਬਾਰੇ ਸੋਚਣ ਲਗ ਪਿਆ ਹਾਂ। ਚੋਰਾਂ ਤੇ ਯਾਰਾਂ ਨੂੰ ਤਾਂ ਨੀਂਦ ਰਾਤ ਨੂੰ ਨੀਂਦ ਆਉਂਦੀ ਹੀ ਨਹੀਂ ਹੁੰਦੀ। ਇਸ ਵਿਚਾਰੇ ਨੂੰ ਕਟਕਾਂ ਦੀ ਨੀਂਦ ਖੌਰੇ ਕਿਧਰੋਂ ਆ ਗਈ ਜੋ ਵਿਚਾਰੀ ਨੂੰ ਖੰਘਾ ਖੰਘਾ ਕੇ ਮਾਰ ਰਿਹਾ ਹੈ। ਹੋਵੇ ਗਾ ਕੋਈ ਅਲਬੇਲਾ, ਮਸਤ ਮਲੰਗ ਪਰ ਖੌਰੇ ਵਿਚਾਰਾ ਪੂਰੀ ਦਿਹਾੜੀ ਦੇ ਕਰੜੇ ਕੰਮ ਪਿੱਛੋਂ ਥਕਿਆ ਟੁਟਿਆ ਆ ਕੇ ਸੌਂ ਗਿਆ ਹੋਵੇ ਗਾ। ਮਰਦਾਂ ਨੂੰ ਤਾਂ ਵੀਹੀਂ ਪਾਸੀਂ ਕੰਮ ਹੁੰਦੇ ਹਨ। ਕਿਧਰੇ ਬਾਂਹ ਕਿਧਰੇ ਲੱਤ ਫਸੀ ਹੁੰਦੀ ਹੈ। ਤੀਵੀਆਂ ਨੂੰ ਕੀ ਕੰਮ ਹੈ? ਰੋਟੀ ਪਕਾ ਛੱਡੀ ਤੇ ਬਸ। ਸ਼ਾਇਦ ਉਹਨੂੰ ਝਾਂਜਰ ਦੀ ਛਣਕਾਰ ਜਾਂ ਘੁੰਗਰੂਆਂ ਅਜੇ ਸੁਣਿਆ ਈ ਨਾ ਹੋਵੇ। ਲੰਮੇ ਪਏ ਨੂੰ ਮੈਨੂੰ ਨੱਚਣ ਤੇ ਤਾੜੀਆਂ ਵੱਜਣ ਦੀ ਆਵਾਜ਼ ਸਾਫ਼ ਸੁਣਾਈ ਦੇ ਰਹੀ ਸੀ।

ਇਹ ਗਾਣਾ ਸ਼ਾਇਦ ਅਖ਼ੀਰਲਾ ਸੀ । ਗਾਣਾ ਖ਼ਤਮ ਹੋਇਆ ਤੇ ਕੁਝ ਹੀ ਦੇਰ ਬਾਅਦ ਰੇਡੀਓ ਦੀ ਆਵਾਜ਼ ਬੰਦ ਹੋ ਗਈ । ਬਹੁਤੇ ਲੋਕੀਂ ਤਾਂ ਰੇਡੀਓ ਗਾਣੇ ਸੁਣਨ ਲਈ ਹੀ ਲਾਉਂਦੇ ਹਨ । ਖ਼ਬਰਾਂ ਜਾਂ ਹੋਰ ਪ੍ਰੋਗ੍ਰਾਮ ਕੌਣ ਸੁਣਦਾ ਹੈ । ਬਸ ਗਾਣੇ ਹੀ ਗਾਣੇ, ਸਵੇਰ ਤੋਂ ਸ਼ਾਮ ਤੀਕਰ । ਹੁਣ ਤਾਂ ਆਕਾਸ਼ਵਾਣੀ ਦੇ ਸਾਰੇ ਸਟੇਸ਼ਨਾਂ ਤੋਂ ਵੀ ਗਾਣੇ ਵਧ ਦਿੱਤੇ ਜਾਂਦੇ ਹਨ । ਪਹਿਲੋਂ ਵਪਾਰਕ ਪ੍ਰੋਗ੍ਰਾਮ ਸੈਲੋਨ ਰੇਡੀਓ ਤੋਂ ਪ੍ਰਸਾਰਿਤ ਹੁੰਦਾ ਸੀ । ਹੁਣ ਆਕਾਸ਼ਵਾਣੀ ਦੇ ਕਈ ਸਟੇਸ਼ਨ ਵੀ ਵਪਾਰਕ ਪ੍ਰੋਗ੍ਰਾਮ ਦੇਣ ਲਗ ਪਏ ਹਨ । ਪਰ ਐਡਵਰਟਾਈਜ਼ਮੈਂਟ ਵਲ ਵੀ ਕੌਣ ਧਿਆਨ ਧਰਦਾ ਹੈ । ਕਿਸੇ ਦਾ ਵੱਸ ਲੱਗੇ ਤਾਂ ਓਨੀ ਦੇਰ ਲਈ ਰੇਡੀਓ ਬੰਦ ਕਰ ਦੇਵੇ । ਪਰ ਇਸ ਨਾਲ ਖੇਚਲ ਵਧਦੀ ਹੈ ਤੇ ਲੋਕਾਂ ਨੂੰ ਐਡਵਰਟਾਈਜ਼ਮੈਂਟ ਸੁਣਨੀ ਹੀ ਪੈਂਦੀ ਹੈ । ਗਵਾਂਢੀਆਂ ਦਾ ਰੇਡੀਓ ਬਸ ਓਦੋਂ ਹੀ ਵਜਦਾ ਹੈ ਜਦੋਂ ਗਾਣੇ ਆਉਣੇ ਹੋਣ । ਰੇਡੀਓ ਬੰਦ ਹੋਇਆ ਤਾਂ ਮੈਂ ਸੁਖ ਦਾ ਸਾਹ ਲਿਆ । ਕਿਤਾਬ ਲੈ ਕੇ ਫਿਰ ਬੈਠ ਗਿਆ ।

ਹੈਂ ! ਇਹ ਕੀ !! ਗਲੀ ਵਿੱਚੋਂ ਇਕ ਸੁਰੀਲੀ ਆਵਾਜ਼ ਆ ਰਹੀ ਹੈ :

ਅੱਡੀ ਮਾਰ ਝਾਂਜਰ ਛਣਕਾਈ,
ਮਿਤਰਾਂ ਦਾ ਬੂਹਾ ਲੰਘ ਕੇ ।

ਆਵਾਜ਼ ਗਵਾਂਢੀਆਂ ਦੀ ਨਹੀਂ, ਕਿਸੇ ਲੰਘ ਰਹੇ ਮੁੰਡੇ ਦੀ ਹੈ । ਬੜਾ ਮਿੱਠਾ ਗਾਉਂਦਾ ਹੈ । ਕਿਆ ਕਮਾਲ ਦੀ ਨਕਲ ਕੀਤੀ ਸੂ ਰੇਡੀਓ ਦੇ ਗਾਣੇ ਦੀ । ਆਵਾਜ਼ ਗਵਾਂਢੀਆਂ ਦੇ ਬੂਹੇ ਦੇ ਬਿਲਕੁਲ ਅਗਿਓਂ ਆਉਂਦੀ ਲਗਦੀ ਸੀ ।

''ਵੇ ਤੈਨੂੰ ਸ਼ਰਮ ਨਹੀਂ ਆਉਂਦੀ ਹਰਾਮਜ਼ਾਦਿਆ, ਆਪਣੀਆਂ ਮਾਵਾਂ ਭੈਣਾਂ ਦੇ ਸਾਮ੍ਹਣੇ ਜਾ ਕੇ ਬੋਲੀਆਂ ਪਾ ।'' ਗਵਾਂਢੀਆਂ ਦੀ ਕੁੜੀ ਬਚਨੀ ਦੀ ਆਵਾਜ਼ ਆਈ ਹੈ । ਹੋਰ ਵੀ ਕੁੜੀਆ ਇਕੱਠੀਆਂ ਹੋ ਗਈਆਂ ਹਨ ।

''ਮੈਂ ਤਾਂ ਬੀਬੀ ਜੀ... ... ਐਵੇਂ ਹੀ ਲੰਘ ਰਿਹਾ ਸੀ...'' ਮੁੰਡੇ ਦੀ ਆਵਾਜ਼ ਵਿਚ ਡਰ ਹੈ ।

''ਐਵੇਂ ਦਾ ਬੱਚਾ ਨਾ ਹੋਵੇ ਤੇ...'' ਤੇ ਤਾੜ ਕਰਦੀ ਇਕ ਚਪੇੜ ਵੱਜਣ ਦੀ ਆਵਾਜ਼ ਆਈ ।

ਮੈਂ ਮੰਜੇ ਤੋਂ ਬਾਰੀ ਵਿੱਚੋਂ ਝਾਕਿਆ । ਇਕ ਮੁੰਡਾ ਖੜਾ ਹੈ—ਸਹਿਮਿਆਂ ਹੋਇਆ । ਚਾਰ ਪੰਜ ਕੁੜੀਆਂ ਉਸ ਦੁਆਲੇ ਖੜੀਆਂ ਹਨ । ਉਹ ਨਠ ਜਾਣ ਦੀ ਕੋਸ਼ਿਸ਼ ਵਿਚ ਹੈ ਪਰ ਉਸ ਦੀ ਕੋਈ ਪੇਸ਼ ਨਹੀਂ ਜਾ ਰਹੀ । ਮੁੰਡਾ ਸ਼ਾਇਦ ਦੁਧ ਲੈ ਕੇ ਆ ਰਿਹਾ ਸੀ । ਉਸ ਦੇ ਹੱਥ ਵਿੱਚ ਇਕ ਗੜਵੀ ਹੈ । ਹੋਏ ਗਾ ਕੋਈ ਤੇਰ੍ਹਾਂ ਚੌਦਾਂ ਸਾਲਾਂ ਦਾ । ਬੜਾ ਭੋਲਾ ਭਾਲਾ ਲਗਦਾ ਏ ਵਿਚਾਰਾ ।

''ਲਾ ਕੰਨਾਂ ਨੂੰ ਹੱਥ ਮੁੜ ਕੇ ਨਹੀਂ ਗਾਉਂਦਾ ਲੁੱਚੇ ਗਾਣੇ ਦਰਾਂ ਮੂਹਰੇ...'' ਬਚਨੀ ਆਖ ਰਹੀ ਹੈ । ਮੁੰਡੇ ਨੇ ਗੜਵੀ ਥੱਲੇ ਰੱਖ ਦਿੱਤੀ ਹੈ ।

''ਕਦੇ ਨਹੀਂ ਗਾਉਂਦਾ ਬੀਬੀ...ਮਾਫ਼ ਕਰ ਦਿਓ ।'' ਤੇ ਉਸ ਕੰਨਾ ਨੂੰ ਹੱਥ ਲਾ ਦਿੱਤੇ ਹਨ ।

''ਜਾ ਹੁਣ... ਮੁੜ ਨਾ ਕਰੀਂ ਏਦਾਂ ।'' ਬਚਨੀ ਦਾ ਗੁੱਸਾ ਕੁਝ ਸ਼ਾਤ ਹੋ ਗਿਆ ਹੈ । ਮੁੰਡੇ ਨੇ ਗੜਵੀ ਚੁਕ ਲਈ ਹੈ ਤੇ ਛੇਤੀ ੨ ਅੱਗੇ ਲੰਘ ਗਿਆ ਹੈ । ਵਿਚਾਰਾ ਗਾਉਂਦਾ ਗਾਉਂਦਾ ਬੂਹੇ ਵੱਲ ਝਾਕਣ ਲੱਗ ਗਿਆ ਹੋਣਾ ਹੈ । ਵਿਆਹ ਵਾਲੇ ਘਰ ਲੰਘਦੇ ਦੀ ਨਜ਼ਰ ਚਲੀ ਜਾਂਦੀ ਹੈ । ਗਵਾਂਢੀਆਂ ਦੇ ਮਰਦ ਸ਼ਾਇਦ ਸਾਰੇ ਕਿਧਰੇ ਗਏ ਹੋਏ ਹਨ । ਬਸ ਔਰਤਾਂ ਹੀ ਹਨ ਅੰਦਰ । ਹੋ ਸਕਦਾ ਹੈ ਕਿ ਮੁੰਡੇ ਦੀ ਨਜ਼ਰ ਕਿਸੇ ਕੁੜੀ ਤੇ ਜਾ ਟਿਕੀ ਹੋਵੇ । ਕੀ ਲੋਹੜਾ ਆ ਗਿਆ ਸੀ ਆਖ਼ਿਰ । ਬੇਕਸੂਰੇ ਨੂੰ ਸਜ਼ਾ ਦਿੱਤੀ ਗਈ ਏ—ਮੈਂ ਸੋਚਦਾ ਹਾਂ ।

''ਆ ਗਿਆ ਨੀ ਤਵਿਆਂ ਵਾਲਾ'' ਇਹ ਬਚਨੀ ਦੀ ਹੀ ਆਵਾਜ਼ ਹੈ । ਮੈਂ ਮੁੜ ਬਾਹਰ ਝਾਕਦਾ ਹਾਂ । ਇਕ ਨੌਜਵਾਨ ਮੁੰਡਾ ਸਾਈਕਲ ਤੋਂ ਲਾਊਡਸਪੀਕਰ ਲਾਹ ਰਿਹਾ ਹੈ । ਸਾਰਾ ਸਮਾਨ ਬੈਠਕ ਵੱਲ ਲਿਜਾਇਆ ਜਾ ਰਿਹਾ ਹੈ । ਕੁੜੀਆਂ ਆਪ ਉਸ ਦੀ ਮਦਦ ਕਰ ਰਹੀਆਂ ਹਨ । ਉਨ੍ਹਾਂ ਨੂੰ ਕੋਈ ਚਾਅ ਚੜ੍ਹ ਗਿਆ ਏ ਸ਼ਾਇਦ । ਅੱਜ ਗਵਾਂਢੀਆਂ ਦੇ ਘਰ ਕੁੜੀਆਂ ਦਾ ਹੀ ਰਾਜ ਲਗਦਾ ਹੈ । ਲਾਊਡ-ਸਪੀਕਰ ਵਜਣਾ ਸ਼ੁਰੂ ਹੋ ਗਿਆ ਹੈ । ਹੁਣ ਤਾਂ ਇੱਥੇ ਮੇਰੇ ਪੜ੍ਹ ਸਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਕਿਸੇ ਦੋਸਤ ਦੇ ਘਰ ਚਲਾ ਜਾਵਾਂ । ਵਿਆਹ ਵਾਲਿਆਂ ਦੇ ਰੰਗ ਵਿਚ ਭੰਗ ਨਹੀਂ ਪੈਣਾ ਚਾਹੀਦਾ । ਤਰ੍ਹਾਂ ਤਰ੍ਹਾਂ ਦੇ ਗਾਣੇ ਆ ਰਹੇ ਹਨ । ਨਾਲ ਕੁੜੀਆਂ ਦੀਆਂ ਆਵਾਜ਼ਾਂ ਵੀ ਉਭਰ ਰਹੀਆਂ ਹਨ । 'ਭਾਈ ਔਹ ਤਵਾ ਲਾਹ, ਉਹ ਤਵਾ ਲਾ ।' ਉਨ੍ਹਾਂ ਦੇ ਹਾਸੇ ਕਿਲਕਾਰੀਆਂ ਵੀ ਮੈਨੂੰ ਸੁਣਾਈ ਦੇ ਰਹੀਆਂ ਹਨ । ਮੇਰੇ ਕੋਲ ਕਿਧਰੇ ਹੋਰ ਜਾਣ ਤੋਂ ਸਿਵਾ ਕੋਈ ਚਾਰਾ ਨਹੀਂ ਰਿਹਾ । ਕਿਤਾਬ ਚੁਕਦਾ ਹਾਂ ਤੇ ਗਲੀ ਵਿਚ ਆ ਜਾਂਦਾ ਹਾਂ । ਇਕ ਰਿਕਾਰਡ ਹੁਣੇ ਹੀ ਮੁਕਿਆ ਹੈ ।

''ਔਹ ਤਵਾ ਲਾ ਵੇ ਭਾਈ—ਅੱਡੀ ਮਾਰ ਝਾਂਜਰ ਛਣਕਾਈ...''

ਇਹ ਤਾਂ ਬਚਨੀ ਦੀ ਆਵਾਜ਼ ਹੈ । ਇਸੇ ਗਾਣੇ ਤੇ ਤਾਂ ਉਹਨੇ ਵਿਚਾਰੇ ਮੁੰਡੇ ਨੂੰ ਚਪੇੜ ਮਾਰੀ ਸੀ ।

ਗਲੀ ਵਿੱਚੋਂ ਲੰਘਦਿਆਂ ਮੇਰੀ ਨਜ਼ਰ ਗਵਾਂਢੀਆਂ ਦੀ ਬੈਠਕ ਵਲ ਚਲੀ ਜਾਂਦੀ ਹੈ । ਕਈ ਕੁੜੀਆਂ ਨੇ ਲਾਊਡ-ਸਪੀਕਰ ਵਾਲੇ ਨੂੰ ਘੇਰਿਆ ਹੋਇਆ ਹੈ । ਸਾਰੀਆਂ ਆਪਣੀ ਆਪਣੀ ਫ਼ਰਮਾਇਸ਼ ਦੇ ਗਾਣੇ ਸੁਣ ਰਹੀਆਂ ਹਨ । ਬਚਨੀ ਦੀ ਫ਼ਰਮਾਇਸ਼ ਦਾ ਗਾਣਾ ਵੱਜਣ ਲੱਗਦਾ ਹੈ !

ਅੱਡੀ ਮਾਰ ਝਾਂਜਰ ਛਣਕਾਈ,
ਮਿੱਤਰਾਂ ਦਾ ਬੂਹਾ ਲੰਘ ਕੇ ।
ਵੇ ਤੈਨੂੰ ਨੀਂਦ ਕਟਕਾਂ ਦੀ ਆਈ,
ਮਰ ਗਈ ਮੈਂ ਖੰਘ ਖੰਘ ਕੇ ।

( ਬਾਕੀ ਸਫ਼ਾ 37 ਤੇ )

## ਬੇ-ਹੱਦੇ
ਸਾਧੂ

ਜੋਕਾਂ ਦੀ ਹੱਦ ਹੁੰਦੀ ਹੈ
ਨਹੀਂ ਖ਼ੁਦਗਰਜ਼ ਲੋਕਾਂ ਦੀ
ਖ਼ੁਦਗਰਜ਼ੀ ਦੇ ਮਾਰੇ
ਬਣਾਉਂਦੇ ਤਾਸ਼ ਘਰਾਂ ਨੂੰ
ਇਕ ਖੇਡ ਤਾਸ਼ ਦੀ
ਬਣਾਉਂਦੇ ਜ਼ਿੰਦਗੀ ਨੂੰ
ਨਾਨਕ, ਰਾਮ ਤੇ ਈਸਾ
ਬਣਦੇ ਹਨ ਤਾਸ਼ ਦੇ ਪੱਤੇ
ਸਾਡੇ ਹੱਥਾਂ 'ਚ ਹੋਵਣ
ਤਾਂ ਦੁੱਕੀਆਂ ਤਿੱਕੀਆਂ
ਉਹਨਾਂ ਦੇ ਹੱਥਾਂ 'ਚ ਜਾਕੇ
ਹਨ ਬਣਦੇ ਬਾਦਸ਼ਾਹ ਯੱਕੇ
ਜਦੋਂ ਵੀ ਲੋੜ ਹੁੰਦੀ ਹੈ
ਦਿਖਾ ਕੇ ਜਿੱਤ ਜਾਂਦੇ ਹਨ
ਸਾਡੀਆਂ ਬਾਹਾਂ ਦੇ ਜ਼ੋਰ
ਕਰ ਸਾਨੂੰ ਹੀ ਚਿੱਤ ਜਾਂਦੇ ਹਨ
ਜ਼ਾਲਮ-ਖੇਡਾਂ ਜ਼ਿੰਦਗਾਨੀਆਂ ਸੰਗ
ਉਹ ਸਦਾ ਖੇਡਦੇ ਰਹਿੰਦੇ
ਕਿਉਂਕਿ
ਜੋਕਾਂ ਦੀ ਹੱਦ ਹੁੰਦੀ ਹੈ
ਨਹੀਂ ਖ਼ੁਦਗਰਜ਼ ਲੋਕਾਂ ਦੀ
ਰੱਜ ਖ਼ੂਨ ਨਾਲ ਜੋਕਾਂ ਤਾਂ
ਜਾਣੋ ਲੱਥ ਜਾਂਦੀਆਂ ਹਨ
ਪਰ ਖ਼ੁਦਗਰਜ਼ ਲੋਕੀਂ ਤਾਂ
ਸਦਾ ਹੀ ਲਾਹੁਣੇ ਪੈਂਦੇ ਹਨ!
ਧੌਣੋਂ ਫੜ ਝੰਜੋੜ ਕੇ
ਸਦਾ ਹੀ ਲਾਹੁਣੇ ਪੈਂਦੇ ਹਨ!!

## ਇਸ਼ਤਿਹਾਰ
(ਜਸਵੰਤ ਜ਼ੀਰੀ ਦੀ ਕਵਿਤਾ 'ਮਨੁੱਖੀ ਰਿਸ਼ਤਿਆਂ ਦੀ ਖ਼ੁਦ-ਕੁਸ਼ੀ' ਦੇ ਨਾਂ)
-ਬਹਾਦਰ ਸਿੱਧੂ-

ਇਸ਼ਤਿਹਾਰ ਤੋਂ ਨਾ ਡਰ!
ਐਵੇਂ ਅਸਮਰਥ ਵੀ ਨਾ ਹੋ
ਬੇ-ਅਹਿਸਾਸੀ ਦੇ ਭਾਰ ਹੇਠ!!

ਇਹ ਇਸ਼ਤਿਹਾਰ 'ਇਨਸਾਨੀਅਤ' ਹੈ—
'ਐਵੇਂ' ਵਿਅਕਤੀਵਾਦ ਦਾ ਰੰਗ ਦੇਕੇ
ਮਨੁੱਖੀ ਰਿਸ਼ਤਿਆਂ ਦੀ ਖ਼ੁਦ-ਕੁਸ਼ੀ ਦਾ ਰੱਸਾ
ਗਲ 'ਚ ਲਮਕਾ ਕੇ
ਕੰਧ ਉਪਰ ਉੱਚਾ ਚਿਪਕਾਇਆ ਹੋਇਆ।

ਜ਼ਰਾ ਹੋਰ ਗਹੁ ਨਾਲ ਤਾਂ ਦੇਖ—
ਇਹ 'ਖਰ-ਮਸਤ ਬੁਧੀਜੀਵੀ'
ਆਦਮ-ਖੋਰ ਰਿਛ
ਕੱਢੀ ਜਾ ਰਿਹੈ 'ਇਨਸਾਨਾਂ' ਦੇ ਦਿਮਾਗ਼ 'ਚੋਂ ਅਕਲ
ਸਵਾਰਥੀ, ਹੰਕਾਰੀ ਗੜਗੜਾਹਟ ਦੇ ਸਹਾਰੇ,
ਪੰਦਲਾਈ ਜਾ ਰਿਹੈ
ਇਸ ਇਸ਼ਤਿਹਾਰ ਦੀ ਅਸਲੀਅਤ
ਇਹਨਾਂ ਦੇ ਦਿਮਾਗ਼ਾਂ ਵਿਚੋਂ;
ਤੇ ਬੱਸ
'ਇਹ' ਖ਼ੁਦ ਨੂੰ ਸਮਝਣ ਤੋਂ ਅਸਮਰਥ ਹੋ ਗਿਐ।

ਬੇਸਹਾਰਾ ਖੜ੍ਹੈ?
ਫੜੇ ਜੇ ਇਸ ਬੁੱਢੀ ਮਾਈ ਦਾ ਹੱਥ,
('ਬੁੱਢੀ ਮਾਈ'
ਜੋ 'ਇਸ਼ਤਿਹਾਰ' ਦੀ ਰੂਹ ਹੈ...)
ਝਟਕਾ ਦਏਗੀ ਇਹ
ਇਨਸਾਨਾਂ ਦੀ ਪਿਛ-ਲੱਗ ਹੋਂਦ ਨੂੰ
ਸੁੰਘ ਗਿਆ ਜਿੰਨ੍ਹਾਂ ਨੂੰ
ਆਦਮ-ਖੋਰ ਰਿਛ।

ਸੋਟੇ ਕਾਂ ਦਦਲੇ
ਕਾਵਾਂ ਦੇ ਇਕੱਠ ਵੱਲ ਦੇਖੇ ਜੇ ਇਹ ਇਨਸਾਨ,
ਤੇ ਵਿਅਕਤੀਵਾਦ ਹੇਠ ਮਿੱਧੇ, ਕੁਚਲੇ, ਝਟਕਾਏ
ਇਨਸਾਨਾਂ ਦਦਲੇ ਜੜ੍ਹੇ
ਇਕੱਠ ਵਿਚ ਜਾ ਰਲੇ ਜੇ;
ਜ਼ਰੂਰ ਸਮਝ ਸਕਦੈ
ਇਹ ਕੁਦਰਤ ਦਾ ਬਾਦਸ਼ਾਹ
ਆਪਣੀ ਇਸ ਖ਼ੁਦ-ਕੁਸ਼ੀ ਦੀ ਅਸਲੀਅਤ ਨੂੰ।

## ਆਪਣਾ ਆਪਣਾ ਪਸ਼ੂ
ਸੁਖਿੰਦਰ ਰਵੀ

ਸੁਰਖ ਰੰਗ ਜਿਧਰ ਵੀ ਤੱਕਾਂ
ਮੱਥੇ ਦੇ ਵਿਚ ਸਿੰਗ
ਉਪਾਇਆ
ਮੇਰੇ ਅੰਦਰ ਟੱਕਰਾਂ ਮਾਰੇ
ਮੈਂ ਜੁ
ਸ਼ਬਦ-ਬੋਧ ਦਾ ਦਾਅਵੇਦਾਰ
ਆਪਣੇ ਅੰਦਰ
ਬਾਗ਼ੀ ਅਰਥਾਂ ਦੇ ਇਸ ਸੱਚ ਤੋਂ
ਛਿਣ ਛਿਣ ਸੂਲੀ ਤੇ ਬੇਜ਼ਾਰ!

ਕਲ੍ਹ ਇਸ ਘਰ ਵਿਚ
ਜਿੰਨੇ ਪਸ਼ੂ ਉਨੇ ਰੰਗ
ਫੇਰ ਪੁਸਤਕਾਂ ਜਾਮੇ ਵਿਚ ਪੂਜਨ ਵਿਅਵਹਾਰ
ਬੈਠਣ-ਉਠਣ, ਬੋਲਣ ਚੱਲਣ ਚਲਨ-ਚਰਿਤਰ
ਇਕ ਸੰਜਮ ਵਿਚ।
ਅੱਜ ਰੰਗਾਂ ਵਿੱਚ ਜੰਗ ਛਿੜੀ ਤੇ
ਅਗਨੀ ਅੰਦਰ ਰਿੱਧ ਨਹੀਂ ਹੈ
ਹਰਿਆਵਲ 'ਚੋਂ ਤਾਂਬੜ ਉੱਠੇ
ਤੇ ਸ਼ੀਸ਼ੇ ਵਿੱਚ
ਪੱਤਾ ਪੱਤਾ ਬਿਰਛ ਵਿਖੰਡਤ-
ਨਗਨ-ਅੰਗ ਦੇ ਨ੍ਰਿਤ ਦੀ ਮੁਦਰਾ
ਲੂੰ ਲੂੰ ਵਿਚ ਸੁਪਾਣ!
ਕਦੇ ਕਦੇ ਵਰਜਿਤ ਫਲ ਖਾਣ,
ਕੱਪੜੇ ਪਾੜਕੇ ਬਾਹਰ ਆਣ,
ਕਿੰਨਾ ਲਾਜ਼ਿਮ ਹੋ ਜਾਂਦਾ ਹੈ!

## ਸਾਏ
ਗੁਰਮੇਲ

ਤੂੰ ਤਾਂ ਸਗਲੀ ਵਿਥਿਆ ਕਹਿਕੇ
ਭਰਿਆ ਅੰਦਰ ਹੌਲਾ ਕਰਕੇ
ਸੁਪਨ ਜਿਆਈਂ ਤੁਰਦਾ ਰਹਿਆਂ
ਮੇਰੇ ਸੌਣੇ ਦਿਸਹੱਦੇ ਤੱਕ
ਜਾਲ ਮੁਸੀਬਤ ਨੇ ਆ ਤਣਿਆਂ
ਤੂੰ ਹੀਂ ਦੱਸ ਕਿੱਧਰ ਨੂੰ ਜਾਵਾਂ
ਅੱਗੇ ਤੁਰਾਂ ਤਾਂ ਰਾਹ ਰੁੰਧਿਆਏ
ਪਿੱਛੇ ਖੜੇ ਭੂਤ ਦੇ ਸਾਏ
ਆਦਿ ਜੁਗਾਦਿ ਤਣੇ ਮ੍ਰਿਗਜਲੀਏ
ਪਲਾਂ ਛਿਣਾਂ ਦੀਆਂ ਕੀਤਾਂ ਬਾਣੀ
ਇਹ ਆਜੂ ਤਾਂ ਕਿਰਦੀ ਜਾਏ
ਬਰਫ਼ ਜਿਆਈਂ ਖੁਰਦਾ ਜਾਏ
ਕਾਇਆ ਦਾ ਥੋਥਾ ਪਰਛਾਵਾਂ
ਵਿਹਸ ਰਹੀ ਉਮਰਾ ਨੂੰ ਦੱਸੀਂ
ਕਿਹੜਾ ਰੁੰਮਣ ਦੇ ਪਰਚਾਵਾਂ

ਮਸਤਕ ਜੋਤ ਅਕਲ ਦੀ ਧਰਕੇ
ਮਨ ਨੀਵਾਂ ਮੱਤ ਉੱਚੀ ਕਰਕੇ
ਜਦ ਸੋਚਾਂ ਨੂੰ ਆਹਰੇ ਲਾਵਾਂ
ਤ੍ਰੈਕਾਲਾਂ ਨੂੰ ਕੋਲ ਬਿਠਾ ਕੇ
ਪਲਾਂ ਛਿਣਾਂ ਨੂੰ ਨਵੇਂ ਨਵੇਂ—
ਪ੍ਰਸੰਗਾਂ ਦੇ ਵਿਚ ਅੰਕਿਤ ਕਰਕੇ
ਕੋਈ ਅਨੋਖਾ 'ਕਾਲ' ਘੜਾਵਾਂ
ਤਾਂ ਕੋਈ ਭਰਮ ਉਦੈ ਹੋ ਜਾਂਦਾ
ਜਿਉਂ ਕੋਈ ਭੂਤਾਂ ਦਾ ਪਰਛਾਵਾਂ
ਤਾਂ ਮੈਂ ਢਹਿ ਢੇਰੀ ਹੋ ਜਾਵਾਂ।

ਹਰ ਪਲ ਦੌੜ ਵਿਚੋਂ ਭੰਗ ਤੋੜਕੇ
ਲੰਘਦਾ ਜਾਵੇ ਪਿੱਠ ਮੋੜਕੇ
ਮਨ ਚੰਚਲ ਦੁਬਿਧਾ ਦਾ ਭਾਗੀ
ਅੱਗੇ ਤੁਰੇ ਤਾਂ ਸ਼ਰਾਹ ਸਤਾਏ
ਪਿਛੇ ਮੁੜੇ ਤਾਂ ਦੌੜ ਕੁਰਲਾਏ
ਗਿਰਝਾਂ ਵਾਂਗ ਪਏ ਮੰਡਲਾਂਦੇ
ਭੂਤ ਮੇਰੇ ਦੇ ਕਾਲੇ ਸਾਏ।

## ਆਲ੍ਹਣਾ
ਲਾਟ ਤਿੰਨ

ਦੂਰ ਦੁਮੇਲ ਵੱਲ ਤੱਕਣ ਨੂੰ
ਜਦ ਵੀ ਜੀਅ ਕਰਦਾ ਏ
ਫੁੱਲਾਂ ਦੀ ਮਹਿਕ ਲਈ
ਜਦ ਵੀ ਮਨ ਤਰਸਦਾ ਏ
ਮਾਂ ਦੀ ਭੁੱਲੀ ਵਿਸਰੀ ਲੋਰੀ
ਜਦ ਵੀ ਕੰਨਾਂ ਨੂੰ ਭੁਲਾਵਾ ਪਾਉਂਦੀ ਏ
ਸੰਝ ਹੁੰਦੇ ਸਾਰ ਹੀ
ਜਦ ਵੀ ਪੰਛੀ ਘਰੀਂ ਪਰਤਦੇ ਨੇ:
ਫਿਰ ਉਸ ਵੇਲੇ
ਪੰਜਾਂ ਪਾਣੀਆਂ ਲਈ
ਤਰਸਦੀ ਇਹ ਜਿੰਦ
ਇਸ ਸੱਖਣੇ ਅਸਮਾਨ ਦੇ
ਤਾਰਿਆਂ ਤੋਂ ਨੱਸਣਾ ਲੋਚਦੀ ਏ!

## ਯਾਦ
ਰਾਮ ਸਿੰਘ

ਕਦੀ ਉਪਜਦੀ ਹੈ ਇੱਛਾ
ਮਨ ਦੀ ਕਮਜ਼ੋਰ ਜਿਹੀ ਨੁਕਰੇ,
ਕਿ ਭੁਲ ਜਾਵਾਂ,
ਜਦੋਂ ਚੂਰ ਹੁੰਦਾ ਹਾਂ
ਯਾਦਾਂ ਦੀ ਥਕਾਵਟ ਦੇ ਨਾਲ।
ਚਾਹੁੰਦਾ ਹਾਂ ਕਿ ਭੁਲਕੇ
ਮਨ ਕਿਤੇ ਹੋਰ ਜੋੜਾਂ
ਕੋਈ ਰੁਝੇਵਾਂ ਭਾਲ ਲਾਂ;
ਚਿੱਟੇ ਕਾਗਜ਼ ਤੇ ਕਾਲੇ ਅੱਖਰਾਂ
ਦੇ ਉਹਲੇ ਗੁੰਮ ਜਾਵਾਂ।
ਬੱਸ ਮੈਂ ਹੋਵਾਂ ਤੇ
ਮੇਰੀਆਂ ਯਾਦਾਂ ਦੀ ਕਿਤਾਬ
ਜਿਸਦੇ ਹਰ ਵਰਕੇ ਤੇ
ਮੇਰੀ ਯਾਦ ਲਿਖੀ ਹੈ।

ਇਹ ਅੱਗ ਬੁਝਦੀ
ਨਜ਼ਰ ਨਹੀਂ ਆਉਂਦੀ
ਇਸ ਬੀਮਾਰੀ ਦਾ
ਕੋਈ ਇਲਾਜ ਨਹੀਂ ਦਿਸਦਾ
ਹਰ ਵਰਤਿਆ ਨੁਸਖ਼ਾ
ਬੀਮਾਰੀ 'ਚ ਵਾਧਾ ਹੀ ਕਰਦਾ ਹੈ;
ਮੇਰੀ ਹਰ ਭੁਲਣ ਦੀ ਇਛਾ
ਇੱਕ ਹੋਰ ਯਾਦ ਬਣ ਜਾਂਦੀ ਹੈ।

## ਉਦਾਸੀਆਂ
ਗੁਰਮੀਤ ਛੀਨਾਂ

ਇਸ ਰੰਗੀਨ ਭੀੜ ਵਿੱਚ
ਮੈਂ ਇਕੱਲੀ ਹਾਂ, ਉਦਾਸ ਹਾਂ!
ਕਈ ਬੇਕਿਰਨ ਪ੍ਰਛਾਵੇਂ
ਮੇਰੀ ਆਤਮਾ ਨੂੰ ਝੰਜੋੜ ਰਹੇ ਹਨ
ਕਈ ਹਨੇਰੇ ਵਿਚ ਸਾਹ ਘੁੱਟ ਰਹੇ ਹਨ
ਹੌਲੀ ਹੌਲੀ ਭਖ ਪੈਂਦੇ ਹਨ

ਉਫ਼! ਕਿੰਨਾਂ ਸੋਕ ਹੈ ਉਨ੍ਹਾਂ ਯਾਦਾਂ ਵਿੱਚ
ਜਿਹੜੀਆਂ ਮੁੜ ਕਦੀ ਜਿਉਂ ਨਹੀਂ ਸਕਦੀਆਂ।

ਭੀੜ ਤੋਂ ਅੱਥਰੂ ਸ਼ਰਮਾ ਜਾਂਦੇ ਹਨ
ਇਕਾਂਤ ਵਿਚ ਲਿਸ਼ਕ ਪੈਂਦੇ ਹਨ
ਪੱਥਰਾਂ ਤੋਂ ਖ਼ੁਸ਼ੀ ਮੰਗਣੀ ਤਾਂ ਬੁਜ਼ਦਿਲੀ ਹੈ
ਖ਼ੁਸ਼ੀ ਬੇਵੱਸ ਹੈ ਜਾਂ ਬੇਵੱਸ ਨਹੀਂ
ਖ਼ੁਸ਼ੀ ਦੇ ਕਾਫ਼ਲੇ ਦੀ ਕੋਈ ਮੰਜ਼ਿਲ ਨਹੀਂ ਹੁੰਦੀ
ਕਾਫ਼ਲੇ ਤੁਰਨ ਤੋਂ ਪਹਿਲਾਂ
ਇਸ ਤੇ ਸੀਤ-ਕਣੀਆਂ ਪਾ ਦਿਉ
ਉਦਾਸੀਆਂ ਨੂੰ ਜਗਾ ਕੇ ਰੱਖੋ
ਸੁਤੀਆਂ ਹੋਈਆਂ ਇਹ ਬੋ ਮਾਰ ਜਾਂਦੀਆਂ ਹਨ।

## ਹੰਝੂ

ਆਪਣੀ ਪਤਨੀ ਮਨਜੀਤ ਦੇ ਨਾਂ ਜੋ 22 ਜੁਲਾਈ 75 ਨੂੰ ਆਪਣੀ ਭਰ ਜੋਬਨ ਰੁੱਤ ਵਿਚ ਸਦਾ ਲਈ ਇਸ ਦੁਨੀਆਂ ਤੋਂ ਵਿਦਾਈ ਲੈ ਗਈ ਹੈ।

– ਦਰਸ਼ਨ ਸਿੰਘ –

ਬਹੁਤ ਮੈਂ ਰੋਕਦਾ ਹੰਝੂ
ਇਹ ਦੁਖਿਆ ਨਾ ਰੁਕਦੇ ਨੇ!
ਜਦੋਂ ਮੈਂ ਰੋਕਦਾਂ ਹੰਝੂ
ਨੈਣਾਂ ਵਿੱਚ ਬੁਲ੍ਹ ਦੁਕਦੇ ਨੇ!

ਬਹੁਤ ਮੈਂ ਆਖਿਆ
ਕਿ ਦੋਸਤੋ,
ਇਹ ਵੇਲਾ ਰੋਣ ਦਾ ਨਹੀਂ ਹੈ;
ਅੱਜ ਆਪਾਂ ਆਪਣੀ
ਅਰਥੀ ਸਜਾਉਣੀ ਹੈ!

ਜਿਸ ਰੁੱਤ ਨੇ ਹੰਢਾਇਆ ਨਾ
ਵੇਖੀ ਪਲ ਚੈਨ ਦਾ ਏਥੇ–
ਉਸ ਬਹਾਰ ਦੇ ਤੁਰ ਜਾਣ ਦੀ
ਆਖ਼ਰੀ ਬਾਤ ਪਾਉਣੀ ਹੈ!

ਬਹੁਤ ਹੀ ਕੋਸਦੇ ਮੈਨੂੰ
ਕਿ ਕਦੀ ਤੂੰ ਇਹ ਸੋਚਿਆ ਹੈ:
ਕਿ ਬਰਸਾਤ ਦੀ ਰੁੱਤੇ,
ਕਦੀ ਨਾਲੇ ਵੀ ਸੁੱਕੇ ਨੇ?
ਕਿ ਬਰਸਾਤ ਦੀ ਰੁੱਤੇ
ਬੱਦਲਾਂ ਦੇ ਹੰਝੂ ਸੁੱਕੇ ਨੇ?

ਆਖਦੇ ਨੇ:
ਅੱਜ ਤੇਰੇ
ਰੰਗਾਂ ਦੀ ਵਣੀਆਂ ਦੀ ਡੋਲੀ ਨੇ
ਤੁਰਨਾ ਹੈ!
ਅੱਜ ਤੂੰ ਰੋਕ ਨਾ ਸਾਨੂੰ
ਅਸਾਂ ਤੇ ਲੂਣ ਦੀ ਡਲੀ ਦੇ ਵਾਂਗ
ਖੁਰਨਾ ਹੈ!

ਅਜੇ ਕੁਝ ਰਾਤਾਂ ਲੰਘੀਆਂ ਨੇ
ਪਤਾ ਨਹੀਂ ਕੀ ਹੋਣਾ ਹੈ?

ਅੱਜ ਤੂੰ ਰੋਕ ਨਾ ਸਾਨੂੰ,
ਅਸਾਂ ਤੇ ਧਾਹੀਂ ਰੋਣਾ ਹੈ।

ਅਸਾਂ ਤੇ ਰੋਣ ਦਾ ਇੱਕ
ਛੱਪੜ ਨੁਹਾਉਣਾ ਹੈ!
ਅਜੇ ਤਾਂ ਅੰਦਰੋਂ ਨੇ
ਸਾਉਣ ਦੀ ਮਕਾਣ ਆਉਣਾ ਹੈ!

ਸਾਥੋਂ ਰੁਕ ਨਹੀਂ ਹੁੰਦਾ,
ਸਾਡੀ ਤਕਦੀਰ ਸੌਂਈ ਹੈ!
ਅੱਜ ਅਸੀਂ ਨਹੀਂ ਰੋਏ,
ਹਰ ਤਦਬੀਰ ਰੋਈ ਹੈ!

ਅਸੀਂ ਆਪਣੇ ਸੂਰਜ ਦੀ ਕਿਰਨ ਦਾ,
ਭੋਗ ਪਾਉਣਾ ਹੈ!
ਇਕ ਦੂਜੇ ਗਲੇ ਲੱਗਕੇ,
ਉਸਦੇ ਦਮ ਤੋੜਨ ਦਾ,
ਸੋਗ ਮਨਾਉਣਾ ਹੈ!

ਉਸਦੇ ਜਨਮ-ਮਹੀਨੇ
ਉਸਦੀ ਤੋਰ 'ਤੀ ਡੋਲੀ!
ਸਾਵਣ ਦੇ ਮਹੀਨੇ ਹੀ–
ਸਾਵਣ–ਰੁੱਤ ਮੈਂ ਗਈ ਭੋਲੀ!

ਅੱਜ ਤੂੰ ਰੋਕ ਨਾ ਸਾਨੂੰ,
ਅਸਾਂ ਤੇ ਬੱਸ ਰੋਣਾ ਹੈ!
ਇਸ ਅਨਹੋਣੀ ਦੇ ਦਾਗ਼
ਦਾ ਮੁਖੜਾ ਧੋਣਾ ਹੈ!
ਸਾਥੀ ਹੰਝੂ ਦੇ ਤੁਰ ਜਾਣ ਤੇ,
ਆਖ਼ਰੀ ਵੈਣ ਪਾਉਣਾ ਹੈ!

●

## ਵਤਨੋਂ ਦੂਰ

ਅਮਰੀਕ 'ਪਲਾਹੀ'

ਵਤਨੋਂ ਦੂਰ, ਹੋ ਮਜ਼ਬੂਰ
ਆ ਗਏ ਹਾਂ ... ...
ਭਰੇ ਭਰਾਏ ਛੱਡਕੇ ਪੂਰ
ਆ ਗਏ ਹਾਂ ... ...

ਆਸਾਂ ਭਰੇ ਉਦਾਸੇ ਚਿਹਰੇ
ਯਾਦ ਜਦੋਂ ਉਹ ਆਉਂਦੇ ਨੇ।
ਜ਼ਖ਼ਮੀ ਹੋਏ ਬੋਲ ਉਨ੍ਹਾਂ ਦੇ
ਸੱਲ ਕਲੇਜੇ ਪਾਉਂਦੇ ਨੇ।
ਬੰਨ ਜਜ਼ਬਾਤਾਂ ਤਾਈਂ ਲਾਕੇ
ਰਹਿ ਗਏ ਪਾਇਉ ਖ਼ਤ ਜ਼ਰੂਰ।
ਵਤਨੋਂ ਦੂਰ ... ... ...

ਲੱਖ ਭੁਲਾਇਆਂ ਭੁਲਦੀ ਨਾਹੀਂ;
ਸੂਰਤ ਏ ਦਿਲਦਾਰਾਂ ਦੀ।
ਬਾਝ ਤੁਹਾਡੇ ਸੁੰਨੀ ਜਾਪੇ,
ਜੋਬਨ ਰੁੱਤ ਬਹਾਰਾਂ ਦੀ।
ਰੋਂਦੇ ਦਿਲ ਤੇ ਹਸਦੇ ਮੁਖੜੇ
ਕਹਿੰਦੇ ਰੱਬ ਨੂੰ ਇਹ ਮਨਜ਼ੂਰ।
ਵਤਨੋਂ ਦੂਰ ... ... ...

ਦੇਸ ਬਿਗਾਨਾ ਲੋਕ ਬਿਗਾਨੇ
ਅਰਮਾਨਾਂ ਦੇ ਸਾਏ ਹਾਂ।
ਘਿਓਂ ਤਰੀਆਂ ਜਾਨਾਂ ਲੈਕੇ
ਆਪਣੇ ਵਤਨੋਂ ਆਏ ਹਾਂ।
ਰੋਗ ਵਿਛੋੜੇ ਵਾਲਾ ਬਣਿਆ
ਖ਼ਾਤਰ ਸਾਡੂ ਜ਼ਖ਼ਮ ਨਸੂਰ।
ਵਤਨੋਂ ਦੂਰ ... ... ...

ਕੈਦੀ ਹੋ ਗਏ ਏਸ ਚਮਨ ਦੇ
ਪੱਲਾ ਫੜ ਮਜ਼ਬੂਰੀ ਦਾ।
ਦਿਨ ਲੰਘਾਉਂਦੇ, ਸਾਲ ਬਿਤਾਉਂਦੇ
ਰਾਹ ਫੜਕੇ ਮਜ਼ਦੂਰੀ ਦਾ।
ਕਿਸ ਨੂੰ ਦਿਆਂ ਉਲਾਂਭਾ ਸੱਜਣਾ
ਤੇਰਾ ਮੇਰਾ ਇਕ ਕਸੂਰ।
ਵਤਨੋਂ ਦੂਰ ... ... ...

---

## ਅਫ਼ਸੋਸ ਆਪਣਿਆਂ ਦੇ ਨਾਂ...

(ਸੁਰਿੰਦਰ ਪੰਜਲ)

**ਏਹ ਕਿਹੀ ਸਚਾਈਆਂ ਦੀ ਰੁੱਤ ਹੈ... ...**

22 ਜੁਲਾਈ ਨੂੰ ਕਵੀ ਦਰਸ਼ਨ ਸਿੰਘ ਦੀ ਪਤਨੀ ਮਨਜੀਤ ਨੂੰ ਭਰ ਜੋਬਨ ਵਿੱਚ ਕੈਂਸਰ ਖਾ ਗਈ...

18 ਅਗਸਤ ਨੂੰ ਵਤਨੋਂ ਦੂਰ ਦੇ ਐਡਵਰਟਾਈਜ਼ਿੰਗ ਐਡੀਟਰ ਚਰਨਜੀਤ ਭੂਰ ਦੇ ਪਿਤਾ ਜੀ ਦਿਲ ਦੇ ਦੌਰੇ ਤੋਂ ਪਿੱਛੋਂ ਕਦੇ ਵੀ ਵਾਪਸ ਨਾ ਮੁੜਨ ਲਈ ਚਲੇ ਗਏ...

ਪਿਆਰੇ ਦਰਸ਼ਨ! ... ... ਪਿਆਰੇ ਚਰਨਜੀਤ!! ... ... ਮੌਤ ਦਾ ਗ਼ਮ ਕਦੇ ਕਿਸੇ ਦੇ ਸ਼ਬਦਾਂ ਦੀ ਪਕੜ ਵਿੱਚ ਨਹੀਂ ਆਇਆ। ਸਾਡੀਆਂ, ਵਤਨੋਂ ਦੂਰ ਦੇ ਮਿਹਨਤਕਸ਼ਾਂ ਦੀਆਂ ਹਮਦਰਦ ਭਾਵਨਾਵਾਂ ਤੁਹਾਡੇ ਨਾਲ ਹਨ। ਸਦਾ ਲਈ ਵਿਛੜੇ ਕਦੇ ਵਾਪਸ ਨਹੀਂ ਆਏ; ਉਹਨਾਂ ਦੀਆਂ ਯਾਦਾਂ ਤੋਂ ਸਮਰੱਥਾ ਲੈਕੇ ਜੀਵਨ-ਪੰਧ ਤੇ ਅਡੋਲ ਤੁਰਦੇ ਰਹੋ;... ਏਹੀ ਸਾਡੀ ਸਭ ਦੀ ਤਮੰਨਾ ਹੈ।

# ਪੰਜਾਬੀ ਕਵਿਤ ਅੰਗ੍ਰੇਜ਼ੀ ਮੂੰਤੇ

ਸੁਰਜੀਤ ਕਲਸੀ

ਸੁਰਜੀਤ ਕਲਸੀ ਅੱਜ ਕਲ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵੈਨਕੂਵਰ ਵਿੱਚ ਕਰੀਏਟਿਵ ਰਾਈਟਿੰਗ ਦੀ M.F.A. ਕਰ ਰਹੇ ਹਨ। ਇਸ ਪਰਾਜੈੱਕਟ ਵਿੱਚ ਉਹਨਾਂ ਨਵੀਨ ਪੰਜਾਬੀ ਕਵੀਆਂ ਦੀਆਂ ਰਚਨਾਵਾਂ ਦੇ ਅੰਗਰੇਜ਼ੀ ਅਨੁਵਾਦ ਕਰਨੇ ਹਨ। ਪਹਿਲਾਂ ਉਹਨਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਅੰਗਰੇਜ਼ੀ ਤੇ ਪੰਜਾਬੀ ਦੀ ਐਮ.ਏ. ਕੀਤੀ ਹੋਈ ਹੈ। ਪੰਜਾਬ ਦੇ ਲੋਕ ਉਹਨਾਂ ਨੂੰ 'ਪਰਦੇਸ਼ਕ-ਸਮਾਚਾਰ ਵੰਡ ਵਾਲੀ ਆਵਾਜ਼' ਵਜੋਂ ਜਾਣਦੇ ਹਨ। ਉਹ ਆਪ ਕਹਾਣੀ ਤੇ ਕਵਿਤਾ ਲਿਖਦੇ ਹਨ ਅਤੇ ਸੰਗੀਤ ਤੇ ਅਭਿਨਯ ਕਲਾ ਨਾਲ ਡੂੰਘਾ ਸਨੇਹ ਰਖਦੇ ਹਨ। 'ਵਤਨੋਂ ਦੂਰ' ਅਤੇ 'ਵਤਨੋਂ ਦੂਰ ਆਰਟ ਫਾਊਂਡੇਸ਼ਨ' ਦੀ ਖ਼ੁਸ਼ਕਿਸਮਤੀ ਹੈ ਕਿ ਇਹਨਾਂ ਨੂੰ, ਉਹਨਾਂ ਦਾ ਬਹੁਪੱਖੀ - ਪ੍ਰਤਿਭਾਸ਼ਾਲੀ ਸਹਿਯੋਗ ਪ੍ਰਾਪਤ ਹੈ।

ਦਸੰਬਰ ਦੀਆਂ ਸੀਤ ਕਕਰਾਲੀਆਂ ਸ਼ਾਮਾਂ 'ਚੋਂ ਇਕ ਸ਼ਾਮ :

ਸਾਰਾ ਵੈਨਕੂਵਰ ਮੀਂਹ ਵਿਚ ਕੰਬਦਾ ਸੁੰਗੜਦਾ ਪ੍ਰਤੀਤ ਹੋ ਰਿਹਾ ਸੀ। ਘੁਟਨ ਅਤੇ ਅਤਿ ਠੰਢ ਕਾਰਨ ਬਾਹਰ ਨਿਕਲਣ ਨੂੰ ਜੀ ਨਹੀਂ ਸੀ ਕਰ ਰਿਹਾ, ਪਰ ਜਾਣਾ ਵੀ ਜ਼ਰੂਰੀ ਸੀ ਕਿਉਂਕਿ ਵੈਨਕੂਵਰ ਵਿਚ ਪੰਜਾਬੀ ਕਵਿਤਾ ਦੀ ਸ਼ਾਮ ਕੈਨੇਡੀਅਨ ਲੇਖਕਾਂ ਨਾਲ ਮਿਲ ਕੇ ਪਹਿਲੀ ਵਾਰ ਮਨਾਈ ਜਾ ਰਹੀ ਸੀ। ਇਸ ਸ਼ਾਮ ਦਾ ਪ੍ਰਬੰਧ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਕਰੀਏਟਿਵ ਰਾਈਟਿੰਗ ਡੀਪਾਰਟਮੈਂਟ ਵਲੋਂ ਕਰਵਾਉਣਾ ਨਿਸ਼ਚਿਤ ਹੋਇਆ ਸੀ; ਜਿਸ ਵਿਚ ਇਸ ਵੇਲੇ ਮੈਂ "ਪੰਜਾਬੀ ਸਾਹਿਤ ਦੇ ਅੰਗ੍ਰੇਜ਼ੀ ਅਨੁਵਾਦ" ਪ੍ਰਾਜੈੱਕਟ" ਉਤੇ ਕੰਮ ਕਰ ਰਹੀ ਹਾਂ । ਇਹ ਸ਼ਾਮ ਇਸ ਪ੍ਰਾਜੈਕਟ ਦੇ ਇਕ ਹਿੱਸੇ ਵਜੋਂ ਮਨਾਈ ਜਾ ਰਹੀ ਸੀ । ਇਸ ਵਾਰ ਕਰੀਏਟਿੰਗ ਰਾਈਟਿੰਗ ਵਰਕਸ਼ਾਪ ਲਈ ਜਿਹੜੇ ਕਵੀ ਪੇਸ਼ ਕਰਨ ਲਈ ਮੈਂ ਚੁਣੇ ਸਨ ਉਹਨਾਂ ਵਿਚੋਂ ਗੁਰਚਰਨ ਰਾਮਪੁਰੀ ਇਕ ਸਨ; ਇਹ ਸੰਜੋਗ ਦੀ ਗੱਲ ਸੀ ਕਿ ਉਹ ਇਸ ਵੇਲੇ ਵੈਨਕੂਵਰ ਦੇ ਵਾਸੀ ਨੇ।

"ਅੰਨ੍ਹੀ ਗਲੀ" ਦੇ ਕਰਤਾ ਨੂੰ ਮੈਂ ਫ਼ੋਨ ਕਰਕੇ ਪੁੱਛਿਆ, "ਰਾਮਪੁਰੀ ਜੀ, ਇਕ ਸ਼ਾਮ ਪੰਜਾਬੀ ਕਵਿਤਾ ਉਤੇ ਮਨਾ ਰਹੇ ਹਾਂ, ਜਿਸ ਵਿਚ ਤੁਹਾਡੀਆਂ ਕਵਿਤਾਵਾਂ ਦੇ ਅਨੁਵਾਦ ਵੀ ਪੇਸ਼ ਕਰ ਰਹੀ ਹਾਂ, ਜੇ ਤੁਸੀਂ ਉਸ ਸ਼ਾਮ ਵਿਚ ਸ਼ਾਮਲ ਹੋ ਸਕੋ, ਤਾਂ ਕੈਨੇਡੀਅਨ ਕਵੀ ਮਾਈਕਲ ਬੁਲਕ, ਐਡੀਟਰ-ਇਨ-ਚੀਫ਼ "ਪ੍ਰਿਜ਼ਮ" ਇੰਟਰਨੈਸ਼ਨਲ, ਜੋ ਮੇਰੇ ਅਧਿਆਪਕ ਨੇ; ਮੈਰੇਡਿਥ ਸੈਵੇਜ, ਐਸੋਸੀਏਟ ਪ੍ਰੋਫ਼ੈਸਰ; ਤੇ ਮੇਰੇ ਨਾਲ ਪੜ੍ਹ ਰਹੇ ਕੈਨੇਡੀਅਨ ਮੁੰਡੇ ਕੁੜੀਆਂ ਬਹੁਤ ਖ਼ੁਸ਼ ਹੋਣਗੇ। ਰੰਗ ਵੀ ਬਹੁਤ ਚੰਗਾ ਬੱਝ ਜਾਏਗਾ ।"

ਰਾਮਪੁਰੀ ਜੀ ਨੇ ਇਹ ਸੁਝਾ ਮੰਨ ਲਿਆ। ਮੈਂ ਖ਼ੁਸ਼ ਸਾਂ। ਜਦੋਂ ਮੈਂ ਇਹ ਖ਼ਬਰ ਆਪਣੇ ਡਿਪਾਰਟਮੈਂਟ ਜਾ ਕੇ ਦੱਸੀ ਤਾਂ ਮੈਰੇਡਿਥ ਸੈਵੇਜ ਬਹੁਤ ਖ਼ੁਸ਼ ਹੋਈ। ਉਸ ਨੇ ਕੁਝ ਹੋਰ ਅੰਗ੍ਰੇਜ਼ੀ ਕਵੀਆਂ ਤੇ ਸੰਪਾਦਕਾਂ ਨੂੰ ਵੀ ਸੂਚਨਾ ਘੱਲ ਦਿਤੀ ਅਤੇ ਕਲਾਸ ਵਿਚ ਐਲਾਨ ਕਰ ਦਿਤਾ। ਮੇਰੇ ਨਾਲ ਪੜ੍ਹ ਰਹੇ ਵਿਦਿਆਰਥੀ ਜਰਮਨ, ਇਟੈਲੀਅਨ, ਫ਼ਰਾਂਸੀਸੀ, ਰੂਸੀ, ਸਪੇਨੀ, ਚੀਨੀ ਅਤੇ ਜਪਾਨੀ ਭਾਸ਼ਾਵਾਂ ਤੋਂ ਅਨੁਵਾਦ ਕਰ ਰਹੇ ਨੇ। ਇਹ ਉਹਨਾਂ ਦਾ ਪਹਿਲਾ ਮੌਕਾ ਸੀ ਜਦੋਂ ਕਿ ਉਹ ਪੰਜਾਬੀ ਕਵਿਤਾ ਦਾ ਅੰਗ੍ਰੇਜ਼ੀ ਅਨੁਵਾਦ ਰਾਹੀਂ ਰਸ ਮਾਣ ਸਕਦੇ। ਉਂਜ ਵੀ ਨਵੀਂ ਪੰਜਾਬੀ ਕਵਿਤਾ ਦੇ ਅਨੁਵਾਦ ਦਾ ਕੈਨੇਡਾ ਵਿਚ ਸ਼ਾਇਦ ਪਹਿਲਾ ਬਾਕਾਇਦਾ ਯਤਨ ਹੈ।

ਯੂਨੀਵਰਸਿਟੀ ਦੇ ਨੇੜੇ ਹੀ ਮੈਰੇਡਿਥ ਸੈਵੇਜ ਦਾ ਘਰ ਹੈ ਜਿਥੇ ਇਹ ਸ਼ਾਮ ਮਨਾਈ ਗਈ। ਇਹ ਸਾਡੇ ਘਰਾਂ ਤੋਂ ਕੋਈ ਸੱਤ ਅੱਠ ਕਿਲੋਮੀਟਰ ਦੂਰ ਸੀ। ਮੀਂਹ ਅਤੇ ਤੇਜ਼ ਠੰਡੀ ਹਵਾ ਦੇ ਬਾਵਜੂਦ ਅਸੀਂ — ਗੁਰਚਰਨ ਰਾਮਪੁਰੀ, ਅਜਮੇਰ ਸਿੰਘ ਰੋਡੇ (ਕਰਤਾ "ਵਿਸ਼ਵ ਦੀ ਨੁਹਾਰ"), ਤੇ ਮੈਂ — ਪੰਜਾਬੀ ਕਵਿਤਾ ਦੀ ਸ਼ਾਮ ਲਈ ਬੜੇ ਉਤਸ਼ਾਹ ਨਾਲ ਮੈਰੇਡਿਥ ਦੇ ਘਰ ਜਾ ਪਹੁੰਚੇ।

ਦਸਤਕ ਪੋਲੀ ਜਿਹੀ ਦਿਤੀ, ਜਿਵੇਂ ਮੇਜ਼ਬਾਨ ਚੌਕੰਨੀ ਹੋਈ ਉਡੀਕ ਰਹੀ ਸੀ ਉਸ ਝੱਟਪੱਟ ਦਰਵਾਜ਼ਾ ਖੋਲ੍ਹਿਆ। ਇਕ ਚਮਕਦਾ ਚਿਹਰਾ ਤੈਰਦਾ ਜਿਹਾ ਨਜ਼ਰ ਆਇਆ ਤੇ ਮੈਰੇਡਿਥ ਨੇ ਬੜੇ ਚੋਜ਼ੋ ਨਾਲ ਸਾਨੂੰ ਜੀ ਆਇਆਂ ਕਿਹਾ। ਅਸੀਂ ਅੰਦਰ ਲੰਘੇ ਕਾਰੀਡੋਰ ਵਿਚ ਮੱਧਮ ਮੱਧਮ ਚਾਨਣਾ ਸੀ...ਧਿਆਨ ਨਾਲ ਵੇਖਣ ਤੋਂ ਪਤਾ ਲੱਗਾ ਮੈਰੇਡਿਥ

ਨੇ ਕਾਲੀ ਗਿੱਟਿਆਂ ਤੱਕ ਲੰਮੀ ਸਕੱਰਟ, ਕਾਲੀ ਹਾਈਨੈੱਕ ਦੀ ਜਰਸੀ ਤੇ ਗਲ ਵਿਚ ਰੁਦਰਾਸ ਦੀ ਮੋਟੇ ਮੋਟੇ ਮਣਕਿਆਂ ਦੀ ਮਾਲਾ ਪਾਈ ਹੋਈ ਸੀ । ਕੱਛ ਵਿਚ ਬੜੀ ਮੋਟੀ ਕਾਲੀ ਬਿੱਲੀ ਚੁਕੀ ਹੋਈ ਸੀ । ਉਹ ਸਾਨੂੰ ਆਪਣੇ ਲਿਵਿੰਗ ਰੂਮ ਵਿਚ ਲੈ ਆਈ । ਘਰ ਦਾ ਵਾਤਾਵਰਣ ਬੜਾ ਸ਼ਾਂਤ ਸੀ...ਬੜਾ ਪਿਆਰਾ, ਸੁਖਾਵਾਂ ਤੇ ਮੱਧਮ ਮੱਧਮ ਮੈਕਸੀਕਨ ਸੰਗੀਤ ਵੱਜ ਰਿਹਾ ਸੀ । ਮੈਰੇਡਿਥ ਦੀ ਫ਼ਰਮਾਇਸ਼ ਉਤੇ ਅਸੀਂ ਵੀ ਆਪਣੇ ਨਾਲ ਭਾਰਤੀ ਕਲਾਸੀਕਲ ਸੰਗੀਤ ਦੇ ਰਿਕਾਰਡ ਲੈ ਗਏ ਸਾਂ ਜਿਹੜੇ ਉਹਨਾਂ ਬੜੇ ਚਾਅ ਨਾਲ ਸੁਣੇ ਤੇ ਸਲਾਹੇ ।

ਹੋਰ ਲੋਕ ਵੀ ਆਉਣੇ ਸ਼ੁਰੂ ਹੋ ਗਏ ਸਨ । ਹਰ ਵਾਰ ਮੈਰੇਡਿਥ ਜਾਂਦੀ ਦਰਵਾਜ਼ਾ ਖੋਲ੍ਹਦੀ, ਆਉਣ ਵਾਲੇ ਨੂੰ ਅੰਦਰ ਲਿਆਉਂਦੀ, ਉਸ ਦੀ ਸਾਡੇ ਨਾਲ ਜਾਣ-ਪਛਾਣ ਕਰਵਾਉਂਦੀ ਤੇ ਅੰਤ 'ਚ ਗੁਰਚਰਨ ਰਾਮਪੁਰੀ ਵੱਲ ਇਸ਼ਾਰਾ ਕਰ ਕੇ ਕਹਿੰਦੀ; Today evening's poet is Punjabi poet Gurcharan Rampuri (ਗੁਰਚਰਨ ਰੈਮਪੁਰੀ, ਉਹ ਇੰਜ ਹੀ ਉਚਾਰਦੀ ਸੀ) । ਦੇਖਦਿਆਂ ਦੇਖਦਿਆਂ ਕਿੰਨੇ ਲੋਕ ਹੋਰ ਆ ਗਏ ਸਨ । ਅਸੀਂ ਤਿੰਨ ਭਾਰਤੀ ਸਾਂ ਬਾਕੀ ਕੈਨੇਡੀਅਨ, ਅਮ੍ਰੀਕਨ, ਫ੍ਰੈਂਚ ਜਰਮਨ ਆਦਿ ਸਨ । ਮੈਰੇਡਿਥ ਹਰ ਵਾਰ ਕਿਚਨ ਵਿਚ ਜਾਂਦੀ ਤੇ ਨਵੇਂ ਆਉਣ ਵਾਲੇ ਲਈ ਪੰਚ ਦਾ ਪਿਆਲਾ ਲਿਆਉਂਦੀ ।

ਏਨੇ ਨੂੰ ਦਰਵਾਜ਼ੇ ਉਤੇ ਫਿਰ ਦਸਤਕ ਹੋਈ ਸਾਰਿਆਂ ਦੀਆਂ ਅੱਖਾਂ ਉੱਠੀਆਂ ਤੇ ਦਰਵਾਜ਼ੇ ਉਤੇ ਲੱਗ ਗਈਆਂ । ਮੈਰੇਡਿਥ ਨੱਠ ਕੇ ਉੱਠੀ ਤੇ ਦਰਵਾਜ਼ਾ ਖੋਲ੍ਹਿਆ : ਇਕ ਪਤਲਾ ਜਿਹਾ ਭੂਰੇ ਵਾਲਾਂ ਤੇ ਭੂਰੀਆਂ ਅੱਖਾਂ ਵਾਲਾ ਮੁੰਡਾ ਦਾਖ਼ਿਲ ਹੋਇਆ । ਮੈਰੇਡਿਥ ਬੋਲੀ, "ਇਹ ਐਂਡੀ ਸ਼ਰੋਇਡਰ ਹੈ, "Contemporary Literature in Translation" ਮੈਗਜ਼ੀਨ ਦਾ ਐਡੀਟਰ । ਆਪ ਇਹ ਇਕ ਚੰਗਾ ਕਵੀ ਹੈ ਤੇ ਕਈ ਪੁਸਤਕਾਂ ਦਾ ਐਡੀਟਰ ।" ਅਜੇ ਉਸ ਦੀ ਜਾਣ ਪਛਾਣ ਖ਼ਤਮ ਨਹੀਂ ਸੀ ਹੋਈ ਕਿ ਦਰਵਾਜ਼ੇ ਤੇ ਫੇਰ ਦਸਤਕ ਹੋਈ । ਸਾਰੀਆਂ ਉਤਸੁਕ ਅੱਖਾਂ ਉਧਰ ਉੱਠੀਆਂ ਤੇ ਮੈਰੇਡਿਥ ਦੇ ਕਦਮ । ਉਸ ਨੇ ਦਰਵਾਜ਼ਾ ਖੋਲ੍ਹਿਆ । ਇਕ ਭਰਵੇਂ ਲੰਮੇ ਜੁੱਸੇ ਵਾਲਾ ਸੂਹੇ ਰੰਗ ਵਾਲਾ ਵਿਅਕਤੀ ਦਾਖ਼ਲ ਹੋਇਆ । ਮੈਰੇਡਿਥ ਨੇ ਉੱਚੀ ਸਾਰੀ ਉਸ ਦੀ ਜਾਣ ਪਛਾਣ ਕਰਾਈ, "ਇਹ ਬੀ. ਸੀ. ਦਾ ਸਥਾਪਤ ਕਵੀ ਰਾਬ੍ਰਟ ਬ੍ਰਿੰਗਹਰਸਟ ਹੈ : ਇਹ ਅਰਬੀ ਤੇ ਸੰਸਕ੍ਰਿਤ ਭਾਸ਼ਾਵਾਂ ਵੀ ਜਾਣਦਾ ਹੈ (ਮਗਰੋਂ ਅਸੀਂ ਰਾਬ੍ਰਟ ਤੋਂ ਸੰਸਕ੍ਰਿਤ ਭਾਸ਼ਾ ਵਿਚ ਰਮਾਇਣ ਦੇ ਕੁਝ ਸਲੋਕ ਸੁਣੇ) ।

ਮੈਰੇਡਿਥ ਨੇ ਦਸਿਆ ਕਿ ਮਾਈਕਲ ਬੁਲਕ ਵੈਨਕੂਵਰ ਤੋਂ ਬਾਹਰ ਗਿਆ ਹੋਣ ਕਰਕੇ ਇਸ ਸ਼ਾਮ ਵਿਚ ਸ਼ਾਮਲ ਨਹੀਂ ਹੋ ਸਕੇਗਾ ਇਸ ਲਈ ਸਾਨੂੰ ਹੁਣ ਉਸ ਦੀ ਉਡੀਕ ਨਹੀਂ ਕਰਨੀ ਚਾਹੀਦੀ ਤੇ ਸ਼ਾਮ ਦੀ ਕਾਰਵਾਈ ਸ਼ੁਰੂ ਕਰ ਦੇਣੀ ਚਾਹੀਦੀ ਹੈ ।

ਪੰਜਾਬੀ ਵਿਚ ਹੱਥੀਂ ਲਿਖੀਆਂ ਕਵਿਤਾਵਾਂ ਦੀ ਤੇ ਇਕ ਇਕ ਉਹਨਾਂ ਦੇ ਅੰਗ੍ਰੇਜ਼ੀ ਅਨੁਵਾਦ ਦੀ ਟਾਈਪਡ ਕਾਪੀ ਹਰ ਇਕ ਨੂੰ ਵੰਡ ਦਿਤੀ ਗਈ । ਲਿਵਿੰਗ ਰੂਮ ਵਿਚ ਇਕ ਨੁੱਕਰੇ ਬਣੇ ਹੋਏ ਡੈੱਕ ਪਿੱਛੇ ਗੁਰਚਰਨ ਰਾਮਪੁਰੀ ਤੇ ਮੈਂ ਜਾ ਖੜ੍ਹੇ ਹੋਏ । ਸਭੇ ਪੰਜਾਬੀ ਕਵਿਤਾ ਸੁਣਨ ਲਈ ਚੌਕੰਨੇ ਹੋ ਕੇ ਬੈਠ ਗਏ ਸਨ । ਸਾਰਿਆਂ ਦੀਆਂ ਅੱਖਾਂ ਸਕਰਿਪਟ ਉਤੇ ਸਨ ਤੇ ਕੰਨ ਇਧਰ ।

ਸਭ ਤੋਂ ਪਹਿਲਾਂ ਮੈਂ ਪੰਜਾਬੀ ਦੀ ਆਧੁਨਿਕ ਕਵਿਤਾ ਦੀ ਧਾਰਾ ਨੂੰ ਮੁੱਖ ਰਖਦਿਆਂ ਗੁਰਚਰਨ ਰਾਮਪੁਰੀ ਦੀ ਜਾਣ ਪਛਾਣ ਕਰਵਾਈ । ਭਾਈ ਵੀਰ ਸਿੰਘ ਤੋਂ ਲੈ ਕੇ ਹੁਣ ਤੱਕ ਦੀ ਕਵਿਤਾ ਉਤੇ ਸੰਖੇਪ ਵਰਣਨ ਅਗੇ ਹੀ ਪੇਸ਼ ਕਰ ਚੁਕੀ ਸਾਂ ਇਸ ਲਈ ਰਾਮਪੁਰੀ ਦੀ ਪੰਜਾਬੀ ਕਵਿਤਾ ਵਿਚ ਥਾਂ ਦਾ ਉਹਨਾਂ ਸਹੀ ਅੰਦਾਜ਼ਾ ਲਾ ਲਿਆ ਸੀ । ਮਗਰੋਂ ਮੈਂ ਗੁਰਚਰਨ ਰਾਮਪੁਰੀ ਨੂੰ ਸੰਬੋਧਨ ਕੀਤਾ ਕਿ ਉਹ ਆਪਣੇ ਬਾਰੇ ਆਪ ਜੋ ਕੁਝ ਦਸਣਾ ਚਾਹੁਣ ਤਾਂ ਦੱਸ ਦੇਣ । ਉਹਨਾਂ ਨੇ ਆਪਣੀ ਸ਼ੁਰੂ ਦੀ ਗੀਤਮਈ ਕਵਿਤਾ ਅਤੇ ਉਸ ਦੇ ਪਿਛੋਕੜ ਬਾਰੇ ਦਸਿਆ ।

ਮੈਰੇਡਿਥ ਬੋਲੀ, "ਗੁਰਚਰਨ ਰੈਮਪੁਰੀ, ਕੀ ਤੁਸੀਂ ਆਪਣੀ ਕਵਿਤਾ ਗਾ ਵੀ ਸਕਦੇ ਹੋ ?" ਰਾਮਪੁਰੀ ਮੁਸਕਰਾਇਆ ਤੇ ਉਸ ਇਕ ਗ਼ਜ਼ਲ ਗਾਉਣੀ ਸ਼ੁਰੂ ਕੀਤੀ, ਜਿਸ ਦਾ ਅਨੁਵਾਦ ਉਸ ਦੇ ਕੋਲ ਸੀ ਤੇ ਅਨੁਵਾਦ ਦੀ ਇਕ ਇਕ ਕਾਪੀ ਸਾਰਿਆਂ ਨੂੰ ਵੰਡ ਦਿਤੀ ਗਈ ।

ਗ਼ਜ਼ਲ ਦਾ ਮਤਲਾ ਸੀ :

"ਤੂਫ਼ਾਨ ਵਿਛ ਗਏ ਪੈਰੀਂ ਜਿਦ੍ਹੇ ਇਸ਼ਾਰੇ 'ਤੇ
ਪਹੁੰਚ ਕੇ ਡੁੱਬ ਗਈ ਕਿਸ਼ਤੀ ਮਿਰੀ ਕਿਨਾਰੇ 'ਤੇ..."

ਸਾਰਿਆਂ ਨੇ ਗ਼ਜ਼ਲ ਨੂੰ ਮਾਣਿਆ । ਉਹਨਾਂ ਮਹਿਸੂਸ ਕੀਤਾ ਕਿ ਪੰਜਾਬੀ ਵਿਚ ਕਵਿਤਾ ਗਾਉਣ ਦਾ ਤਰੀਕਾ ਪੱਛਮ ਨਾਲੋਂ ਬਹੁਤ ਭਿੰਨ ਹੈ । ਫ਼ਰਾਂਸੀਸੀ ਭਾਸ਼ਾ ਦੇ ਅਨੁਵਾਦਕ ਗਲੈਨ ਸ਼ੈਰਮਨ ਨੇ, ਜੋ ਆਪ ਇਕ ਚੰਗਾ ਕਵੀ ਤੇ ਗਾਇਕ ਵੀ ਹੈ, ਜਦੋਂ ਪੁੱਛਿਆ ਕਿ ਤੁਸੀਂ ਬਿਨਾਂ ਤੋਲ ਤੁਕਾਂਤ ਦੇ ਕਵਿਤਾ ਵੀ ਗਾ ਸਕਦੇ ਹੋ ? ਤਾਂ ਰਾਮਪੁਰੀ ਨੇ ਕਿਹਾ ਕਿ ਸਾਡੇ ਪੰਜਾਬ ਵਿਚ ਆਮ ਕਰਕੇ ਸਟੇਜੀ ਕਵੀ ਤੋਲ ਤੁਕਾਂਤ ਵਾਲੀਆਂ ਕਵਿਤਾਵਾਂ ਹੀ ਗਾਉਂਦੇ ਰਹੇ ਹਨ ਅਤੇ ਬਿਨਾਂ ਤੁਕਾਂਤ ਦੀ ਕਵਿਤਾ ਵੀ ਗਾਈ ਜਾ ਸਕਦੀ ਹੈ ਜੇ ਉਸ ਵਿਚ ਲੈਅ ਹੋਵੇ ।

ਇਸ ਪਿਛੋਂ ਜਿਹੜੀਆਂ ਕਵਿਤਾਵਾਂ ਦੇ ਅਨੁਵਾਦ ਕਰ ਕੇ ਲੈ ਗਈ ਸਾਂ ਉਹ ਪੜ੍ਹਨੀਆਂ ਸ਼ੁਰੂ ਕੀਤੀਆਂ । ਰਾਮਪੁਰੀ ਦੀ ਪੁਸਤਕ "ਅੰਨ੍ਹੀ ਗਲੀ" ਵਿਚੋਂ ਵਿਸ਼ਵ ਪ੍ਰਚਲਤ ਵਿਸ਼ਿਆਂ ਵਾਲੀਆਂ ਚਾਰ ਕਵਿਤਾਵਾਂ ਚੁਣੀਆਂ ਗਈਆਂ ਸਨ : ਕਿੱਲਾ, ਨੀਂਦ, ਕਲਪਨਾ ਅਤੇ ਚੁੱਪ । ਇਹ ਅਜਿਹੇ ਵਿਸ਼ੇ ਨੇ ਜੋ ਹਰ ਭਾਸ਼ਾ ਦੇ ਸਾਹਿਤ ਵਿਚ ਮਿਲਦੇ ਹਨ । ਬੇਸ਼ਕ ਹਰ ਕਵੀ ਦਾ ਨਿਭਾਅ ਵੱਖਰਾ ਹੁੰਦਾ ਹੈ, ਅੰਦਾਜ਼ਾ ਵਿਲਖਣ ਹੁੰਦਾ ਹੈ । ਰਾਮਪੁਰੀ ਨੇ ਪੰਜਾਬੀ ਵਿਚ ਕਵਿਤਾ "ਕਿੱਲਾ" ਪੜ੍ਹੀ :

### ਕਿੱਲਾ

ਮੈਂ ਆਪਣੇ ਵਾਕਿਫ਼ ਥਾਵਾਂ 'ਤੇ ਹੀ
ਮੁੜ ਮੁੜ ਕੇ ਨਿੱਤ ਜਾਂਦਾ ਹਾਂ,
ਮੈਂ ਆਪਣੇ ਵਾਕਿਫ਼ ਲੋਕਾਂ ਨੂੰ ਹੀ ਮਿਲਦਾ ਹਾਂ,
ਮੈਂ ਨਿੱਤਨੇਮੀ ਲੱਖਾਂ ਵਾਰੀ ਇਕੋ ਬਾਣੀ,
ਬਿਨਾਂ ਸਮਝਿਆਂ, ਪੜ੍ਹ ਬੈਠਾ ਹਾਂ ।
ਇਕ ਵਿਸ਼ਵਾਸ ਸਦਾ ਲਈ ਕਾਫ਼ੀ !
ਮੈਂ ਜਦ ਜੰਗਲ ਵੀ ਘੁੰਮਿਆ
ਕੋਈ ਡੰਡੀ ਪਾਈ,
ਮੈਂ ਲੀਹਾਂ ਦਾ ਸਿਰਜਨ ਹਾਰਾ ਵੀ, ਕੈਦੀ ਵੀ

ਕਿੱਲੇ ਨਾਲ ਬੰਨ੍ਹਿਆ ਮੈਂ "ਮਹਿਫ਼ੂਜ਼" ਬੜਾ ਹਾਂ !

ਮੈਂ ਇਸ ਦਾ ਅਨੁਵਾਦ ਪੜ੍ਹਿਆ :

STAKE

Time and time again
I go to familiar places.
I see familiar people only,
Routine-bound I have ch.nted
The same hymn for a thousand times.
Without understanding its meaning.
One faith is enough forever !
Whenever I wandered through a jungle
I trailed a track.
I am a creator of tracks, also a prisoner :
Tied to a stake, I feel secure.

ਕਵਿਤਾ ਖ਼ਤਮ ਹੁੰਦਿਆਂ ਹੀ ਸਾਰਾ ਕਮਰਾ ਜ਼ੋਰ ਦੀ "ਹੂੰ" ਦੀ ਧੁਨੀ ਨਾਲ ਗੂੰਜ ਉਠਿਆ ਅਤੇ ਸਾਰਿਆਂ ਨੇ ਹੀ ਕਵਿਤਾ ਨੂੰ ਮਾਣਿਆ ਲੱਗਦਾ ਸੀ। ਕਵਿਤਾ ਦੀਆਂ ਅੰਤਲੀਆਂ ਦੋ ਲਾਈਨਾਂ ਨੂੰ ਵਧੇਰੇ ਜ਼ੋਰਦਾਰ ਦੱਸਿਆ ਗਿਆ। ਜਰਮਨ ਦੇ ਅਨੁਵਾਦਕ ਪਾਲ ਸਤਰਜੀ ਨੇ ਜੋ ਵੇਖਣ ਨੂੰ ਬਿਲਕੁਲ ਪੰਜਾਬੀ ਲੱਗਦਾ ਸੀ, ਪੁੱਛਿਆ, "ਇਹਨਾਂ ਆਖ਼ਰੀ ਦੋ ਲਾਈਨਾਂ ਦਾ ਕੋਈ ਖ਼ਾਸ ਸਥਾਨਕੀ ਮਤਲਬ ਹੈ ?" ਇਸ ਦੀ ਵਿਆਖਿਆ ਕਰਦਿਆਂ ਮੈਂ ਕਿਹਾ ਕਿ ਜੇ ਇਹਨਾਂ ਦੋ ਲਾਈਨਾਂ ਨੂੰ ਕਵਿਤਾ ਦੇ ਬਾਕੀ ਹਿੱਸੇ ਨਾਲੋਂ ਨਿਖੇੜ ਕੇ ਪੜ੍ਹੀਏ ਤਾਂ ਇਹਨਾਂ ਦਾ ਮਤਲਬ ਪੂਰੀ ਤੌਰ ਤੇ ਸਪੱਸ਼ਟ ਨਹੀਂ ਹੁੰਦਾ ਸਗੋਂ ਕਵਿਤਾ ਦੇ ਸ਼ੁਰੂ ਵਿਚ ਹੀ ਕੜੀ ਨਾਲ ਕੜੀ ਜੋੜ ਕੇ ਪੜ੍ਹਦੇ ਜਾਈਏ ਤਾਂ ਸਾਰੀ ਗੱਲ ਸਪੱਸ਼ਟ ਹੋ ਕੇ ਇਕ ਨਵਾਂ ਬਿੰਬ ਸਾਹਮਣੇ ਆ ਜਾਂਦਾ ਹੈ।

ਰਾਮਪੁਰੀ ਨੇ ਇਸੇ ਗੱਲ ਉਤੇ ਵਧੇਰੇ ਜ਼ੋਰ ਦੇਣ ਲਈ ਕਿਹਾ ਕਿ ਅਸਲ ਵਿਚ ਮੇਰੀ ਕਵਿਤਾ ਦੀ ਅੰਤਲੀ ਲਾਈਨ ਵਿਚ ਮੈਂ "ਮਹਿਫ਼ੂਜ਼" ਸ਼ਬਦ ਕਾਮਿਆਂ ਵਿਚ ਰੱਖਿਆ ਹੈ ਕਿਉਂਕਿ ਇਸ ਵਿਚ ਧਾਰਮਕਤਾ, ਤੇ ਸਿਆਸੀ ਤੇ ਹੋਰ ਦੀਨਦਾਰੀ ਰੱਟ ਉਤੇ ਕਟਾਖ਼ਸ਼ ਹੈ। ਮੈਰੇਡਿਥ ਤੇ ਐਂਡੀ ਸ਼ਰੋਇਡਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਅਨੁਵਾਦ ਵਿਚ Secure ਸ਼ਬਦ ਨੂੰ ਕਾਮਿਆਂ ਵਿਚ ਨਾ ਰੱਖਿਆ ਜਾਵੇ।

ਇਸ ਮਗਰੋਂ "ਨੀਂਦ" ਕਵਿਤਾ ਪੜ੍ਹੀ ਗਈ। ਗਲੈਨ ਸ਼ੇਰਮਨ, ਐਂਡੀ ਸ਼ਰੋਇਡਰ ਅਤੇ ਸਪੈਨਿਸ਼ ਤੋਂ ਅਨੁਵਾਦ ਕਰਨ ਵਾਲੀ ਘੁੰਘਰਾਲੇ ਵਾਲਾਂ ਵਾਲੀ ਨੋਰਾ ਨੇ ਕਿਹਾ ਕਿ ਰਾਮਪੁਰੀ ਤੁਕਾਂਤ ਰਹਿਤ ਇਹ ਕਵਿਤਾ "ਨੀਂਦ" ਗਾ ਕੇ ਸੁਣਾਵੇ ਤਾਂ ਰਾਮਪੁਰੀ ਨੇ ਬੜੀ ਲੈ ਵਿਚ ਗਾਉਣਾ ਸ਼ੁਰੂ ਕਰ ਦਿਤਾ। ਸਾਰਿਆਂ ਨੇ ਇਸ ਕਵਿਤਾ ਦਾ ਵੀ ਗ਼ਜ਼ਲ ਜਿੰਨਾ ਹੀ ਰਸ ਮਾਣਿਆ। "ਨੀਂਦ" ਕਵਿਤਾ ਦੀਆਂ ਵੀ ਅੰਤਲੀਆਂ ਦੋ ਸਤਰਾਂ ਨੂੰ ਬਹੁਤ ਪ੍ਰਭਾਵ-ਪਾਊ ਦੱਸਦਿਆ ਸਾਰਿਆਂ ਹੀ ਇਹਨਾਂ ਸਤਰਾਂ ਨੂੰ ਮਾਣਿਆ : ਖ਼ਾਸ ਕਰਕੇ "ਕੀਚਰਾਂ ਕੱਚ ਸੱਚ ਦੀਆਂ" Sharp shards of untruth and truth" ਦਾ ਬਿੰਬ ਬਹੁਤ ਸਲਾਹਿਆ ਗਿਆ। ਇਸ ਮਗਰੋਂ ਰਾਮਪੁਰੀ ਦੀਆਂ ਦੋ ਹੋਰ ਕਵਿਤਾਵਾਂ "ਚੁੱਪ" ਅਤੇ "ਕਲਪਨਾ" ਅਨੁਵਾਦਾਂ ਸਣੇ ਪੜ੍ਹੀਆਂ ਗਈਆਂ।

ਇਹਨਾਂ ਕਵਿਤਾਵਾਂ ਨੂੰ ਸੁਣ ਲੈਣ ਮਗਰੋਂ, ਉਹਨਾਂ ਫ਼ਰਮਾਇਸ਼ ਕੀਤੀ ਕਿ ਪੰਜਾਬੀ ਦੀ ਕਵਿਤਾ ਦੀ ਹੋਰ ਵੰਨਗੀ ਪੇਸ਼ ਕੀਤੀ ਜਾਏ ਤਾਂ ਪੰਜਾਬੀ ਦੇ ਧੀਮੇ ਬੋਲ ਵਾਲੇ ਕਵੀ ਐਸ. ਐਸ. ਮੀਸ਼ਾ ਦੀਆਂ ਦੋ ਕਵਿਤਾਵਾਂ "ਪ੍ਰਿਜ਼ਮ" ਅਤੇ "ਘਾਟ" ਅਨੁਵਾਦ ਰੂਪ ਵਿਚ ਸੁਣਾਈਆਂ। ਮੀਸ਼ੇ ਦੀ ਜਾਣ ਪਛਾਣ ਕਰਵਾਉਂਦਿਆਂ ਮੈਂ ਉਹਨਾਂ ਦੀ ਬੌਧਿਕਤਾ ਤੇ ਵਿਲੱਖਣਤਾ ਬਾਰੇ ਦੱਸਿਆ। ਮੈਰੇਡਿਥ ਨੇ ਰਾਮਪੁਰੀ ਨੂੰ ਪੁੱਛਿਆ ਕਿ ਉਹਦੇ ਮੀਸ਼ਾ ਬਾਰੇ ਕੀ ਵਿਚਾਰ ਨੇ ਤਾਂ ਰਾਮਪੁਰੀ ਨੇ ਕਿਹਾ, "ਮੀਸ਼ਾ ਮੇਰਾ ਸਮਕਾਲੀ ਤੇ ਮੇਰਾ ਦੋਸਤ ਹੈ, ਅਸੀਂ ਇਕੱਠੇ ਹੀ ਲਿਖਦੇ ਰਹੇ ਹਾਂ, ਉਸ ਦੀ ਕਵਿਤਾ ਵਿਚ ਨਿਖਾਰ ਤੇ ਪਕਿਆਈ ਹੈ।" ਪ੍ਰਿਜ਼ਮ ਕਵਿਤਾ ਵਿਚਲਾ ਸੋਚ ਪ੍ਰਬੰਧ ਬਹੁਤ ਪਸੰਦ ਕੀਤਾ ਗਿਆ।

ਪੰਜਾਬੀ ਕਵਿਤਾ ਦੇ ਬਹੁਤ ਨਵੇਂ ਰੂਪ ਬਾਰੇ ਪੁੱਛਦਿਆਂ ਐਂਡੀ ਸ਼ਰੋਇਡਰ ਨੇ ਪੁੱਛਿਆ ਕਿ ਜਿਵੇਂ ਇੱਧਰਲੀ ਬਹੁਤ ਨਵੀਂ ਕਵਿਤਾ ਵਧੇਰੇ ਕਰਕੇ ਸੈਕਸ ਤੇ ਨੰਗੇਜਵਾਦ ਵੱਲ ਜਾ ਰਹੀ ਹੈ ਪੰਜਾਬੀ ਕਵਿਤਾ ਕਿਸ ਪਾਸੇ ਵੱਲ ਜਾ ਰਹੀ ਹੈ ?" ਤਾਂ ਮੈਂ ਦੱਸਿਆ ਕਿ ਪੰਜਾਬੀ ਕਵਿਤਾ ਵਿਚ ਪਿਛਲੇ ਡੇਢ ਕੁ ਦਹਾਕੇ ਦੇ ਸ਼ੁਰੂ ਵਿਚ ਪ੍ਰਯੋਗਵਾਦ ਲਹਿਰ ਸ਼ੁਰੂ ਹੋਈ ਸੀ ਜਿਹੜੀ ਹੁਣ ਤੱਕ ਚੱਲ ਰਹੀ ਹੈ ਜਿਸ ਵਿਚ ਪੰਜਾਬੀ ਦੇ ਕੁਝ ਕਵੀਆਂ ਨੇ ਗਲੋਬਲ ਚੇਤਨਾ ਦੇ ਨਾਂ ਹੇਠ ਪ੍ਰਮਾਣੂ ਯੁਗ, ਰਾਕਟਾਂ, ਪੱਛਮੀ ਸਭਿਆਚਾਰ ਤੇ ਮਿਥਿਹਾਸਕ ਬਿੰਬ ਵਾਲੀ ਵਿਚ ਕਾਫ਼ੀ ਕੁਝ ਲਿਖਣ ਦਾ ਯਤਨ ਕੀਤਾ ਹੈ। ਪਰ ਇਸ ਲਹਿਰ ਦੇ ਨਾਲ ਨਾਲ ਕੁਝ ਕੁ ਨਵੇਂ ਪੁੰਗਰ ਰਹੇ ਸਮਕਾਲੀ ਕਵੀ ਉਥੋਂ ਦੀ ਰਾਜਸੀ, ਸਮਾਜਕ ਤੇ ਆਰਥਕ ਕਦਰਾਂ ਕੀਮਤਾਂ ਨਾਲ ਜੂਝਦੇ ਉਸ ਪ੍ਰਭਾਵ ਤੇ ਤਜਰਬੇ ਤੋਂ ਲਿਖਣ ਦਾ ਯਤਨ ਕਰ ਰਹੇ ਨੇ। ਮੈਰੇਡਿਥ, ਐਂਡੀ ਸ਼ਰੋਇਡਰ, ਰਾਬਰਟ ਬ੍ਰਿੰਗਹਰਸਟ ਤੇ ਹੋਰ ਕੁਝ ਲੋਕਾਂ ਨੇ ਇਹ ਵਿਚਾਰ ਪ੍ਰਗਟ ਕੀਤਾ ਕਿ ਗਲੋਬਲ ਚੇਤਨਾ ਤੇ ਪ੍ਰਮਾਣੂ ਯੁਗ ਬਾਰੇ ਇੱਧਰ ਪੱਛਮ ਵਿਚ ਢੇਰਾਂ ਦੇ ਢੇਰ ਸਾਹਿਤ ਰਚਿਆ ਜਾ ਚੁਕਾ ਹੈ। ਇਸ ਲਈ ਉਹਨਾਂ ਪੰਜਾਬੀ ਕਵਿਤਾ ਦੇ ਬੜੇ ਨਵੇਂ ਨਮੂਨੇ ਦੱਸਣ ਲਈ ਕਿਹਾ। ਕਵਿਤਾ ਦੀ ਬਹੁਤ ਸਮਕਾਲੀ ਤੇ ਪੰਜਾਬ ਦੀ ਧਰਤੀ ਦੀ ਕਵਿਤਾ ਦੀ ਵੰਨਗੀ ਲਈ ਮੈਂ ਵਰਿਆਮ ਅਸਰ ਦੀ ਕਵਿਤਾ "ਜੋਧਾ", ਸੰਤ ਸੰਧੂ ਦੀ "ਘੁਮੰਡੀ ਸੱਭਿਅਤਾ" ਅਤੇ ਅਮਰਜੀਤ ਚੰਦਨ ਦੀ ਕਵਿਤਾ "ਕੈਦ : ਕੁਝ ਪ੍ਰਭਾਵ" ਅਨੁਵਾਦ ਰੂਪ ਵਿਚ ਸੁਣਾਈਆਂ। ਇਹਨਾਂ ਕਵਿਤਾਵਾਂ ਦੇ ਲਹਿਜੇ, ਸੋਚ, ਤੇ ਰੂਪ ਨੂੰ ਬਹੁਤ ਪ੍ਰਭਾਵਸ਼ਾਲੀ ਦਸਦਿਆਂ ਐਂਡੀ ਸ਼ਰੋਇਡਰ ਨੇ ਵਿਚਾਰ ਪ੍ਰਗਟ ਕੀਤਾ ਕਿ ਇਹਨਾਂ ਕਵਿਤਾਵਾਂ ਦਾ ਪ੍ਰਭਾਵ ਜ਼ੋਰਦਾਰ ਹੈ।

ਅਸੀਂ ਵੇਖਿਆ ਕਿ ਇਹਨਾਂ ਫ਼੍ਰੈਂਚ, ਜਰਮਨ, ਇਟੈਲੀਅਨ, ਸਪੈਨਿਸ਼, ਰਸ਼ੀਅਨ, ਚੀਨੀ ਤੇ ਜਪਾਨੀ ਭਾਸ਼ਾਵਾਂ ਤੋਂ ਅਨੁਵਾਦ ਕਰਨ ਵਾਲੇ ਵੱਖੋ ਵੱਖ ਲੋਕਾਂ ਨੂੰ ਪੰਜਾਬੀ ਭਾਸ਼ਾ ਦਾ ਭਾਵੇਂ ਇਕ ਅੱਖਰ ਵੀ ਨਹੀਂ ਸੀ ਆਉਂਦਾ, ਪਰ ਉਹ ਕਵਿਤਾ ਦੇ ਭਾਵਾਂ ਦਾ ਅੰਦਾਜ਼ਾ ਉਸ ਦੇ ਰੂਪ, ਉਸ ਦੇ ਪੜ੍ਹੇ ਜਾਣ ਦੀ ਟੋਨ stress ਅਤੇ rythm ਤੋਂ ਲਾ ਲੈਂਦੇ ਸਨ। ਜਦੋਂ ਪੰਜਾਬੀ ਕਵਿਤਾ ਪੜ੍ਹੀ ਜਾ ਰਹੀ ਹੁੰਦੀ ਤਾਂ ਉਹ ਹਰ ਲਾਈਨ ਦੇ ਨਾਲ ਨਾਲ ਆਪਣੀਆਂ ਅੱਖਾਂ ਗੱਡੀ ਪੜ੍ਹ ਰਹੇ ਹੁੰਦੇ। ਇਸੇ ਦੌਰਾਨ ਇਕ ਦਿਲਚਸਪ ਘਟਨਾ ਵਾਪਰੀ। ਜਦੋਂ ਰਾਮਪੁਰੀ ਕਵਿਤਾ

ਪੜ੍ਹ ਰਹੇ ਹੁੰਦੇ ਤਾਂ ਅਖ਼ੀਰਲੀਆਂ ਦੋ ਲਾਈਨਾਂ ਤੇ ਆ ਕੇ ਕਹਿੰਦੇ "ਆਖ਼ਰੀ ਸ਼ੇਅਰ ਹੈ" ਜਾਂ "ਆਖ਼ਰੀ ਬੰਦ ਹੈ" ਤਾਂ ਇਕ ਵਾਰ ਅਚਾਨਕ ਐਂਡੀ ਸ਼ਰੋਇਡਰ ਉੱਛਲ ਪਿਆ, "Oh I am lost somewhere in the last stanza." "ਅਜਮੇਰ ਨੇ, ਜਿਹੜਾ ਸ਼ਰੋਇਡਰ ਦੇ ਕੋਲ ਹੀ ਬੈਠਾ ਹੋਇਆ ਸੀ, ਦਸਿਆ ਕਿ ਪੰਜਾਬੀ ਵਿਚ ਰਾਮਪੁਰੀ ਹਰ ਵਾਰ ਇਕ ਲਾਈਨ ਫ਼ਾਲਤੂ ਪੜ੍ਹਦਾ ਹੈ ਉਹ ਹੈ "ਆਖ਼ਰੀ ਸ਼ੇਅਰ ਹੈ" "It means, this is the last couplet." ਤੇ ਫੇਰ ਇਸ ਦਾ ਵਧੇਰੇ ਵਿਸਥਾਰ ਦੇਂਦਿਆਂ ਰਾਮਪੁਰੀ ਨੇ ਦਸਿਆ ਕਿ ਪੰਜਾਬ ਵਿਚ ਸਟੇਜ ਉਤੇ ਕਵੀ ਆਮ ਕਰਕੇ ਇੰਜ ਕਹਿੰਦੇ ਹਨ। ਸਾਰਿਆਂ ਨੇ ਹੀ ਬੜੀ ਤਾਂਘ ਨਾਲ ਪੁੱਛਿਆ ਕਿ ਅਜਿਹਾ ਕਿਉਂ ਕਹਿੰਦੇ ਹਨ ਤਾਂ ਰਾਮਪੁਰੀ ਨੇ ਦਸਿਆ ਕਿ ਲੋਕਾਂ ਦਾ ਧਿਆਨ ਚੰਗੇ, ਅੰਤਲੇ ਜਾਂ ਮਹੱਤਵਪੂਰਣ ਸ਼ੇਅਰ ਵੱਲ ਦੁਆਉਣ ਲਈ ਅਜਿਹਾ ਕੀਤਾ ਜਾਂਦਾ ਹੈ।

ਸਮੁਚੇ ਤੌਰ ਤੇ ਇਹਨਾਂ ਲੋਕਾਂ ਨੇ ਇਹ ਗੱਲ ਮੰਨੀ ਕਿ ਇਹ ਪਹਿਲਾ ਮੌਕਾ ਸੀ ਜਦੋਂ ਉਹਨਾਂ ਨੇ ਪੰਜਾਬੀ ਕਵਿਤਾ ਨੂੰ ਏਨੀ ਨੇੜਿਓਂ ਵੇਖਿਆ, ਪਰਖਿਆ ਤੇ ਸਮਝਿਆ ਹੈ। ਐਂਡੀ ਸ਼ਰੋਇਡਰ ਨੇ ਦਸਿਆ ਕਿ ਪੰਜਾਬੀ ਕਵਿਤਾ ਵਿਚ ਬਹੁਤ ਨਵੀਆਂ ਗੱਲਾਂ ਨੇ ਅਤੇ ਇਹ ਪ੍ਰਭਾਵ-ਪਾਊ ਹੈ। ਮੈਂ ਉਹਨਾਂ ਨੂੰ ਦਸਿਆ ਕਿ ਇਹ ਤਾਂ ਪੰਜਾਬੀ ਕਵਿਤਾ ਦੀ ਵੰਨਗੀ ਮਾਤਰ ਹੀ ਸੀ ਅਜੇ ਤਾਂ ਮੈਂ ਪੰਜਾਬੀ ਦੇ ਅਨੇਕਾਂ ਕਵੀਆਂ ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਹਰਭਜਨ ਸਿੰਘ, ਸ਼ਿਵ ਕੁਮਾਰ, ਜਗਤਾਰ ਆਦਿ ਨੂੰ ਅਨੁਵਾਦ ਕਰਨਾ ਏ। ਉਸ ਨੇ ਸੁਝਾ ਦਿਤਾ ਕਿ, ਜੇ ਐਸੀ ਚਾਹੀਏ, ਤਾਂ ਉਹ ਆਪਣੇ ਮੈਗਜ਼ੀਨ Contemporary Literature in Translation ਦਾ ਪੰਜਾਬੀ ਨੰਬਰ ਕੱਢਣ ਲਈ ਤਿਆਰ ਹੈ। ਇਸ ਤੋਂ ਪਹਿਲਾਂ ਇਸ ਮੈਗਜ਼ੀਨ ਦੇ ਫ਼ਰਾਂਸੀਸੀ, ਅਰਬੀ, ਯੂਨਾਨੀ ਤੇ ਹੋਰ ਕਈ ਭਾਸ਼ਾਵਾਂ ਦੇ ਨੰਬਰ ਨਿਕਲ ਚੁਕੇ ਹਨ।

ਇਥੇ ਵੈਨਕੂਵਰ ਵਿਚ Creative Writing ਦੀ ਵਿਦਿਆਰਥੀ ਹੋਣ ਦੇ ਨਾਤੇ ਮੈਂ ਪੰਜਾਬੀ ਦੇ ਹੋਰ ਕਵੀ ਵੀ ਅਨੁਵਾਦ ਕੀਤੇ ਨੇ ਅਤੇ ਕਰ ਰਹੀ ਹਾਂ। ਇਸ ਸਾਰੇ ਅਨੁਵਾਦ ਦੀ ਪਰਖ Creating Writing Workshop ਵਿਚ ਕੀਤੀ ਜਾਂਦੀ ਹੈ। ਇਧਰਲੇ ਲੋਕ ਪੰਜਾਬੀ ਲੋਕਾਂ ਦੇ ਸੁਭਾ ਤੇ ਮਿਹਨਤੀ ਹੋਣ ਬਾਰੇ ਤਾਂ ਬਹੁਤ ਕੁਝ ਜਾਣਦੇ ਨੇ, ਪਰ ਪੰਜਾਬੀ ਸਾਹਿਤ ਬਾਰੇ ਉਹਨਾਂ ਦੀ ਜਾਣਕਾਰੀ ਨਾਂਹ ਬਰਾਬਰ ਹੈ। ਅਨੁਵਾਦਾਂ ਰਾਹੀਂ ਤੇ ਅਜਿਹੀਆਂ ਸ਼ਾਮਾਂ ਰਾਹੀਂ ਪੰਜਾਬੀ ਸਾਹਿਤ ਨੂੰ ਕੈਨੇਡਾ ਵਿਚ ਪਰਿਚਿਤ ਕਰਵਾਉਣ ਦਾ ਯਤਨ ਕਰ ਰਹੀ ਹਾਂ।

---

ਕਹਾਣੀ 'ਕੱਚੇ ਘਰਾਂ ਦਾ ਜੀਣਾ' ਦੀ ਬਾਕੀ

ਗਿਆ...ਇਕ ਪਲ ਉਹਨੇ ਵਧ ਕੇ ਕੋਠੇ ਦੇ ਪਛਾੜੀ ਦੇਖਿਆ ...ਹਨੇਰੇ ਤੇ ਸੁੰਨਸਾਨ ਪਸਰੀ ਪਈ ਸੀ...ਤੇ ਫਿਰ ਪਿਛਲੇ ਪੈਰੀਂ ਮੁੜ ਉਹ ਜੈਕੁਰ ਲਾਗ ਖੜ੍ਹ ਖਾਲੀ ਮੰਜੇ ਕੰਨੀ ਘੂਰੀ ਗਿਆ।



## ਇੱਕ ਸਾਹਿਤਕ ਸੂਚਨਾ

ਸਾਹਿਤ-ਪ੍ਰੇਮੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਅੰਗ੍ਰੇਜ਼ੀ ਦਾ ਸਾਹਿਤਕ ਮੈਗਜ਼ੀਨ, THE CANADIAN FICTION MAGAZINE (P.O. BOX 46422, STATION 'G', VANCOUVER, B.C.), ਦਸੰਬਰ 1975 ਵਿੱਚ ਆਪਣਾ ਭਾਸ਼ਾ ਅੰਕ (LANGUAGE NUMBER) ਪ੍ਰਕਾਸ਼ਿਤ ਕਰ ਰਿਹਾ ਹੈ ਜਿਸ ਵਿੱਚ ਕੈਨੇਡਾ ਦੀਆਂ ਵੱਖ ਵੱਖ ਭਾਸ਼ਾਵਾਂ ਦਾ ਅਨੁਵਾਦਿਤ ਗਲਪ ਸਾਹਿਤ ਛਾਪਿਆ ਜਾਵੇਗਾ। ਪੰਜਾਬੀ ਰਚਨਾਵਾਂ ਦਾ ਅਨੁਵਾਦ ਸੁਰਜੀਤ ਕਲਸੀ ਕਰ ਰਹੇ ਹਨ। ਪੰਜਾਬੀ ਕਹਾਣੀਕਾਰਾਂ (ਕੈਨੇਡਾ ਵਾਸੀ) ਨੂੰ ਬੇਨਤੀ ਹੈ ਕਿ ਉਹ ਆਪਣੀਆਂ ਚੋਣਵੀਆਂ ਰਚਨਾਵਾਂ 15 ਅਕਤੂਬਰ ਤੱਕ ਉਨ੍ਹਾਂ ਨੂੰ ਭੇਜ ਦੇਣ। ਜੇ ਕੋਈ ਕਹਾਣੀਕਾਰ ਆਪ ਅੰਗ੍ਰੇਜ਼ੀ ਅਨੁਵਾਦ ਕਰਕੇ ਜਾਂ ਕਿਸੇ ਤੋਂ ਕਰਵਾ ਕੇ ਭੇਜਣਾ ਚਾਹੇ ਤਾਂ ਉਹ 30 ਅਕਤੂਬਰ ਤੱਕ ਭੇਜ ਸਕਦਾ ਹੈ। ਸੁਰਜੀਤ ਕਲਸੀ ਦਾ ਫ਼ੋਨ 438-7793 ਹੈ ਅਤੇ ਪਤਾ ਇਹ ਹੈ:

5346- CECIL ST.
VANCOUVER, B.C.

---

ਕਹਾਣੀ 'ਗਵਾਂਢੀ' ਦੀ ਬਾਕੀ

ਸਾਰੀਆਂ ਕੁੜੀਆਂ ਅੱਡੀਆਂ ਮਾਰਨ ਲੱਗ ਪਈਆਂ ਹਨ। ਬਚਨੀ ਨੇ ਤਾਂ ਝਾਂਜਰ ਵੀ ਪਾਈ ਹੋਈ ਹੈ। ਉਹਦੇ ਵੀਰ ਦਾ ਵਿਆਹ ਜੂ ਹੋਇਆ। ਉਹ ਗਾਣੇ ਦੇ ਨਾਲ ਨਾਲ ਨੱਚਣ ਲੱਗ ਪਈ ਹੈ। ਲਾਊਡ ਸਪੀਕਰ ਵਾਲਾ ਸਵਾਦ ਨਾਲ ਉਧਰ ਤੱਕ ਰਿਹਾ ਹੈ। ਕੁੜੀਆਂ ਕਿਲਕਾਰੀਆਂ ਮਾਰ ਰਹੀਆਂ ਹਨ।

ਲੰਘਦਿਆਂ ੨ ਮੈਨੂੰ ਉਸ ਮੁੰਡੇ ਦੀ ਹਾਲਤ ਤੇ ਤਰਸ ਆ ਰਿਹਾ ਹੈ।

---


**FILM INFORMATION**

1. OLYMPIA THEATRE:
BOMBAY GOLDEN FILMS
(255-2920, 437-6766)
2. YORK THEATRE:
EVERGREEN FILMS
(255-6729, 255-0141)
3 METRO THEATRE:
S & S PICTURES LTD.
(325-8343, 266-7191)

THERE'S LIFE AT MARS

## MARS REALTY LTD.

5467 VICTORIA DR., VANCOUVER, B.C.



**BUS. 327-8315**

**RES. 433-3334**

**For all kinds of real estate services, contact**

**DARSHAN BRAR, M.A.**

**Member Medallion Club of Real Estate Board of Greater Vancouver.**

**Mortgages — Aprraisals — Rentals — Sales**

## HARPAL TOOR



OF

**MELTON**

FORMERLY A. E. AUSTIN

1435 KINGSWAY
VANCOUVER, B.C.

**Specialists in**

- **HOMES — New or old**
- **APARTMENT Blocks or Revenue**
- **FARMS, Acres or Lots**

**or any other real estate service**

MOBILE RADIO 38

OFFICE: 879-7571 RES.: 524-9848

*For Fast Sale*

# LIST YOUR PROPERTY

**WITH**

# DEOL REALTY LTD.

STE 100—2096 W. 41st Avenue, Vancouver, B.C. V6M 1Y9

*Call:*

## GURMINDER DEOL

**Off. 263-2112** **Res. 277-1184**

# CENTURY TRAVEL SERVICE

204—3310 FRASER STREET

VANCOUVER, B.C., CANADA V5V 4C1

***LOWEST FARES TO INDIA, PAKISTAN, FIJI, EUROPE, AND ALL OVER THE WORLD.***

**WE ALSO HELP IN GETTING PASSPORTS, VISAS AND IMMIGRATION PAPERS, ETC.**

GURSHARAN SANDHU

**ਸੈਂਚਰੀ ਟਰੈਵਲ ਸਰਵਿਸ**

204-3310 ਫਰੇਜ਼ਰ ਸਟਰੀਟ, ਵੈਨਕੂਵਰ, ਬੀ.ਸੀ., ਕੈਨੇਡਾ

OFF: 874-9429 RES: 681-3668



OFF: 874-9429
RES: 681-3668

# Top Priority

Anything more important than your family's future?
Put first things first with common sense life insurance.
Call me today.

ਅਜੀਤ ਸਿੰਘ



**Ajit Sidhu**
Sales Representative
**President's Council**

## AJIT SIDHU

is a professional all the way. The needs of his clients have always been his major concern. This dedication and service to his policyholders has ranked Ajit among the leading sales representatives of Metropolitan Life. He is also a member of the Life Underwriters Association of Canada.

Mr. Sidhu lives with his wife and family in Surrey, and is associated with the Company's District Sales Office at 550 - 6th Street, in New Westminster, B.C. Sound insurance counselling can be obtained by telephoning him at 524-3601, or at his residence by dialing 584-4516.

Dedication to his many policyholders marks him as a true professional, and we at Metropolitan take great pride in Ajit Sidhu.

Vice-President

550 6th Street
New Westminster, B.C.
Office: 524-3601
Residence: 584-4516

**METROPOLITAN LIFE**

# AWAN'S TEXACO SERVICE

**REGD. AWAN MOTORS LTD.**

**WE UNDERSTAND THE MECHANICS OF CARS & HOW TO SERVICE THEM. SEE US FOR: BATTERIES; OIL CHANGE; RINGS; VALVES; GENERAL AUTO REPAIRS.**

**1st Avenue at Nanaimo Vancouver, B.C. V5L 4V1**

**PHONE: 254-8818**

**ANSWAR AWAN MAHMOOD AWAN**

NOW SELF SERVICE.

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਮਾਸਕ ਪੱਤਰ: "ਵਤਨੋਂ ਦੂਰ"

LITERARY & CULTURAL MONTHLY OF PANJABI
THE WATNO DUR
P.O. Box 1041, Coquitlam, B.C., Canada, V3J 6Z4
Second Class Mail Registration No. 3233
SEPTEMBER 1975 VOL. 3 S. No. 27

---

# ALPINER FURNITURE

## 2957 Commercial Drive

**Between 13th. & 14th. AVE.**

## VANCOUVER

**BUS. 879-8312** **RES. 874-8574**



**Harbhajan S. Jhuti**

ਬੈੱਡਰੂਮ ਸਵੀਟ, ਚੈਸਟਰਫੀਲਡ ਸਵੀਟ, ਡਾਈਨਿੰਗ ਰੂਮ ਸਵੀਟ, ਕੌਫ਼ੀ ਟੇਬਲ, ਅਤੇ ਨਵੇਂ ਨਵੇਂ ਡੀਜ਼ਾਈਨਾਂ ਵਿੱਚ ਸਸਤਾ, ਵਧੀਆ ਅਤੇ ਗਾਰੰਟੀ-ਸ਼ੁਦਾ ਫਰਨੀਚਰ ਖਰੀਦਣ ਲਈ

# ਅਲਪਾਇਨਰ ਫਰਨੀਚਰ

ਵਿਖੇ ਹਰਭਜਨ ਸਿੰਘ ਝੂਟੀ ਨੂੰ ਸੇਵਾ ਦਾ ਮੌਕਾ ਦਿਓ! ਸਟੋਰ ਖੁਲ੍ਹਣ ਦੇ ਵਕਤ ਹਨ:

**STORE HOURS:**
MONDAY TO WEDNESDAY & SATURDAY: 9:30 A.M. TO 6:00 P.M.
THURSDAY & FRIDAY: 9:30 A.M. TO 9:00 P.M.

**COMPLETE BEDROOM SUITE: $349.00**
9 Drawer Dresser, 4 Drawer Chest Radio Headboard, Foot Board, One Set of Rails, Box Spring & Mattress with 15 years guarantee & one large mirror

**4 PIECE-CHESTERFIELD SUITE: $490.00**

**COME & COMPARE THE PRICES ON MANY UNADVERTISED ITEMS.**